ਕੈਨੇਡਾ
# ਪੰਜਾਬ ਲਿੰਕ
WEEKLY NEWSPAPER
52 YEARS OF EXCELLENCE 1973 2024 THE LINK GROUP
VOL. : 12 ISSUE : 06 SATURDAY, 10 February, 2024
www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


# ਜੇਕਰ ਲਿਬਰਲਜ਼ ਨੇ ਫਾਰਮਾਕੇਅਰ ਲਈ ਇਕ ਮਾਰਚ ਦੀ ਤਾਰੀਕ ਖੁੰਝਾਈ ਤਾਂ ਸਿੱਟੇ ਭੁਗਤਣੇ ਪੈਣਗੇ-ਜਗਮੀਤ ਸਿੰਘ

ਓਟਵਾ-ਐਨਡੀਪੀ ਨੇਤਾ ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਹਾਲ ਹੀ ਵਿਚ ਬੰਦ ਕਮਰਾ ਮੀਟਿੰਗ ਦੌਰਾਨ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਫਾਰਮਾਕੇਅਰ ਬਿੱਲ ਸਦਨ ਵਿਚ ਪੇਸ਼ ਕਰਨ ਲਈ ਇਕ ਮਾਰਚ ਦੀ ਸਮਾਂ ਸੀਮਾ ਖੁੰਝਾਈ ਤਾਂ ਇਸ ਦੇ ਸਿੱਟੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਜਸਟਿਨ ਟਰੂਡੋ ਨਾਲ ਉਨ੍ਹਾਂ ਦੀ ਮੀਟਿੰਗ ਸਖਤ ਰਹੀ ਹੈ। ਸਿੰਘ ਦੋਵਾਂ ਪਾਰਟੀਆਂ ਵਿਚਕਾਰ ਹੋਏ ਸਪਲਾਈ ਐਂਡ ਕਾਨਫੀਡੈਂਸ ਸਮਝੌਤੇ ਦੀਆਂ ਸ਼ਰਤਾਂ 'ਤੇ ਚਰਚਾ ਕਰਨ ਲਈ ਟਰੂਡੋ ਨਾਲ ਮੀਟਿੰਗਾਂ ਕਰਦੇ ਰਹਿੰਦੇ ਹਨ। ਇਸ ਸਮਝੌਤੇ ਤਹਿਤ ਨਿਊ ਡੈਮੋਕਰੈਟਸ ਨੀਤੀ ਤਰਜੀਹਾਂ 'ਤੇ ਕਾਰਵਾਈ ਬਦਲੇ ਹਾਊਸ ਆਫ ਕਾਮਨਜ਼ ਵਿਚ ਅਹਿਮ ਮੁੱਦਿਆਂ 'ਤੇ ਸਰਕਾਰ ਦਾ ਸਮਰਥਨ ਕਰਦੇ ਹਨ। ਪਾਰਲੀਮੈਂਟ ਹਿਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਅਸੀਂ ਬਿੱਲ ਦੀ ਆਸ ਕਰਦੇ ਹਾਂ ਅਤੇ ਅਸੀਂ ਆਸ ਕਰਦੇ ਹਾਂ ਕਿ ਸਰਕਾਰ ਅੱਗੇ ਜਾਣ ਲਈ ਕਦਮ ਚੁੱਕੇ ਅਤੇ ਅਸੀਂ ਇਨ੍ਹਾਂ ਕਦਮਾਂ ਦੀ ਇਕ ਮਾਰਚ ਤਕ ਆਸ ਕਰਦੇ ਹਾਂ। ਮੈਂ ਉਨ੍ਹਾਂ ਨੂੰ ਨੋਟਿਸ ਦੇ ਦਿੱਤਾ ਹੈ ਅਤੇ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਇਸ ਦੇ ਸਿੱਟੇ ਭੁਗਤਣੇ ਪੈਣਗੇ। 2022 ਐਨਡੀਪੀ-ਲਿਬਰਲ ਸਮਝੌਤੇ ਦੀਆਂ ਸ਼ਰਤਾਂ ਮੁਤਾਬਿਕ ਪਾਰਟੀ ਫਾਰਮਾਕੇਅਰ ਦੇ ਸਿਧਾਂਤਾਂ ਨੂੰ ਰੂਪਰੇਖਾ ਦੇਣ ਵਾਲੇ ਕਾਨੂੰਨ ਅਤੇ 2025 ਤਕ ਕੁਝ ਦਵਾਈਆਂ ਨੂੰ ਕਵਰ ਕਰਨ ਦੀ ਯੋਜਨਾ ਸ਼ੁਰੂ ਕਰਨ ਦੀ ਆਸ ਕਰ ਰਹੀ ਹੈ। ਨਵੰਬਰ ਮਹੀਨੇ ਸਰਕਾਰ ਨੇ ਸਵੀਕਾਰ ਕੀਤਾ ਕਿ ਉਹ ਅਸਲ ਸਮਾਂ ਸੀਮਾ ਤਕ ਸਮਝੌਤੇ ਨੂੰ ਪੂਰਾ ਨਹੀਂ ਕਰ ਸਕੇਗੀ ਜਿਸ ਵਿਚ ਫਾਰਮਕੇਅਰ ਬਿੱਲ 2024 ਤੋਂ ਪਹਿਲਾਂ ਪਾਸ ਕਰਨ ਦਾ ਸੱਦਾ ਦਿੱਤਾ ਗਿਆ ਸੀ। ਨਿਊ ਡੈਮੋਕਰੈਟਸ ਨੇ ਕਿਹਾ ਕਿ ਸਮਾਂ ਸੀਮਾ ਖੁੰਝਾਉਣ ਦੀ ਲਿਬਰਲਾਂ ਨੂੰ ਕੀਮਤ ਚੁਕਾਉਣੀ ਪਵੇਗੀ। ਜਗਮੀਤ ਸਿੰਘ ਨੇ ਦੱਸਿਆ ਕਿ ਜਦੋਂ ਦੀ ਉਨ੍ਹਾਂ ਨੇ ਆਪਣੀ ਸਮੇਂ ਦੀ ਹੱਦ ਖੁੰਝਾਈ ਹੈ ਅਸੀਂ ਉਦੋਂ ਤੋਂ ਹੋਰ ਗੱਲਾਂ ਦੀ ਆਸ ਕਰਦੇ ਹਾਂ ਅਤੇ ਆਉਣ ਵਾਲੇ ਦਿਨਾਂ ਵਿਚ ਤੁਹਾਨੂੰ ਦੱਸਾਂਗੇ ਕਿ ਹੋਰ ਗੱਲਾਂ ਕੀ ਹਨ। ਸੂਤਰਾਂ ਨੇ ਦੱਸਿਆ ਕਿ ਲਿਬਰਲਜ਼ ਪੰਜ ਤੋਂ ਕੁਝ ਘੱਟ ਦਵਾਈਆਂ ਨੂੰ ਕਵਰ ਕਰਨ ਲਈ ਸਹਿਮਤ ਹੋ ਗਏ ਹਨ। ਸਿਹਤ ਮੰਤਰੀ ਮਾਰਕ ਹੌਲੈਂਡ ਦੇ ਦਫ਼ਤਰ ਨੇ ਰਿਪੋਰਟ ਦੀ ਪੁਸ਼ਟੀ ਨਹੀਂ ਕੀਤੀ। ਐਨਡੀਪੀ ਸੂਤਰ ਨੇ ਕਿਹਾ ਕਿ ਕਵਰੇਜ ਛੇਤੀ ਸ਼ੁਰੂ ਹੋਣ ਦੀ ਆਸ ਹੈ ਪਰ ਇਸ ਦਾ ਸਹੀ ਸਮਾਂ ਨਹੀਂ ਦਸ ਸਕਦੇ। ਬੁੱਧਵਾਰ ਸਿੰਘ ਨੇ ਲਿਬਰਲਜ਼ 'ਤੇ ਦੋਸ਼ ਲਗਾਇਆ ਕਿ ਉਹ ਉਸ ਯੋਜਨਾ ਦੀ ਮੰਗ ਕਰ ਰਹੇ ਹਨ ਜਿਹੜੀ ਦਵਾਈਆਂ ਬਣਾਉਣ ਵਾਲੇ ਉਦਯੋਗ ਅਤੇ ਵੱਡੀਆਂ ਇੰਸ਼ੂਰੈਂਸ ਕੰਪਨੀਆਂ ਨੂੰ ਖੁਸ਼ ਕਰੇਗੀ।




For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
Gagan Chahal R.D. Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC



ਇੰਸ਼ੋਰੈਂਸ ਦੇ ਮਾਹਰ
AMAN INSURANCE
- ਲਾਇਫ ਇੰਸ਼ੋਰੈਂਸ
- ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca



TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA ALBERTA - BC
Fuel and Insurance Paid by Company
NO DEDUCTIONS!!
ਸਾਡੀ ਕੰਪਨੀ ਓਨਰ ਉਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸ਼ਨੀਵਾਰ: 604-808-9805
Email:safety@transourcefreightways.com



mortgages lab
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval in 2 Hours
Licensed professional mortgage broker



APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com



ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002


FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
52 YEARS OF EXCELLENCE 1973 2024 THE LINK GROUP
WEEKLY NEWSPAPER
VOL. : 12 ISSUE : 06 SATURDAY, 10 February, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
ਰੇਡੀਓ ਪੰਜਾਬ Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਉੱਤਰਾਖੰਡ 'ਚ ਮਦਰੱਸਾ ਢਾਹੇ ਜਾਣ ਤੋਂ ਹਿੰਸਾ ਭੜਕੀ-2 ਮੌਤਾਂ

## ਦੰਗਾਕਾਰੀਆਂ ਨੂੰ ਦੇਖਦੇ ਹੀ ਗੋਲੀ ਮਾਰਨ ਦਾ ਹੁਕਮ

ਹਲਦਵਾਨੀ-ਉੱਤਰਾਖੰਡ ਦੇ ਹਲਦਵਾਨੀ ਵਿੱਚ ਵੀਰਵਾਰ ਨੂੰ ਨਾਜਾਇਜ਼ ਮਦਰੱਸਾ ਅਤੇ ਨਮਾਜ਼ ਸਥਾਨ ਨੂੰ ਢਾਹੁਣ ਦੌਰਾਨ ਭੜਕੀ ਹਿੰਸਾ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਤਿੰਨ ਗੰਭੀਰ ਜ਼ਖ਼ਮੀ ਹੋ ਗਏ। ਬਨਭੂਲਪੁਰਾ ਇਲਾਕੇ 'ਚ ਹਿੰਸਾ ਤੋਂ ਬਾਅਦ ਤਣਾਅਪੂਰਨ ਸਥਿਤੀ ਦੇ ਮੱਦੇਨਜ਼ਰ ਹਲਦਵਾਨੀ ਸ਼ਹਿਰ 'ਚ ਕਰਫਿਊ ਲਗਾ ਦਿੱਤਾ ਗਿਆ ਅਤੇ ਦੰਗਾਕਾਰੀਆਂ ਨੂੰ ਦੇਖਦੇ ਹੀ ਗੋਲੀ ਮਾਰਨ ਦੇ ਹੁਕਮ ਦਿੱਤੇ ਗਏ। ਉਨ੍ਹਾਂ ਕਿਹਾ ਕਿ ਸੁਰੱਖਿਆ ਦੇ ਨਜ਼ਰੀਏ ਤੋਂ ਸ਼ਹਿਰ ਦੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਭਾਰੀ ਪੁਲੀਸ ਬਲ ਤਾਇਨਾਤ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਉੱਤਰਾਖੰਡ ਦੇ ਨੈਨੀਤਾਲ ਜ਼ਿਲ੍ਹੇ ਦੇ ਹਲਦਵਾਨੀ ਇਲਾਕੇ ਵਿਚਲੇ ਬਨਭੂਲਪੁਰਾ 'ਚ ਪ੍ਰਸ਼ਾਸਨ ਵੱਲੋਂ ਗੈਰਕਾਨੂੰਨੀ ਮਦਰੱਸਾ ਢਾਹੇ ਦੀ ਜਾਣ ਦੀ ਮੁਹਿੰਮ ਮਗਰੋਂ ਹਿੰਸਾ ਭੜਕ ਪਈ ਅਤੇ ਸਥਾਨਕ ਲੋਕਾਂ ਨੇ ਪੁਲੀਸ ਤੇ ਪ੍ਰਸ਼ਾਸਨ ਦੀ ਟੀਮ 'ਤੇ ਪਥਰਾਅ ਕੀਤਾ ਜਿਸ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਪੁਲੀਸ ਮੁਲਾਜ਼ਮਾਂ ਸਮੇਤ 60 ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਗਏ ਹਨ। ਭੜਕੀ ਹੋਈ ਭੀੜ ਨੇ ਕਈ ਵਾਹਨ ਵੀ ਸਾੜ ਦਿੱਤੇ। ਇਸ ਮਗਰੋਂ ਪ੍ਰਸ਼ਾਸਨ ਨੇ ਇਲਾਕੇ 'ਚ ਕਰਫਿਊ ਆਇਦ ਕਰਦਿਆਂ ਪ੍ਰਦਰਸ਼ਨਕਾਰੀਆਂ ਨੂੰ ਦੇਖਦਿਆਂ ਹੀ ਗੋਲੀ ਮਾਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਉੱਤਰਾਖੰਡ ਦੇ ਡੀਜੀਪੀ ਅਭਿਨਵ ਕੁਮਾਰ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਗ੍ਰਹਿ ਕੇਂਦਰੀ ਮੰਤਰਾਲੇ ਤੋਂ ਵਾਧੂ ਪੁਲੀਸ ਦੀ ਮੰਗ ਕੀਤੀ ਅਤੇ ਚਾਰ ਵਾਧੂ ਕੇਂਦਰੀ ਦਸਤੇ ਭੇਜੇ ਗਏ ਹਨ। ਉਨ੍ਹਾਂ ਦੱਸਿਆ ਕਿ ਸ਼ਾਮ ਚਾਰ ਵਜੇ ਦੇ ਕਰੀਬ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲੀਸ ਦੀ ਸਾਂਝੀ ਟੀਮ ਅਦਾਲਤੀ ਹੁਕਮਾਂ ਮਗਰੋਂ ਬਨਭੂਲਪੁਰਾ 'ਚ ਨਾਜਾਇਜ਼ ਕਬਜ਼ਾ ਹਟਾਉਣ ਪਹੁੰਚੀ ਸੀ। ਇਸ ਦਾ ਵਿਰੋਧ ਕਰਦਿਆਂ ਕੁਝ ਗ਼ੈਰ-ਸਮਾਜੀ



ਅਨਸਰਾਂ ਨੇ ਪਥਰਾਅ ਕੀਤਾ ਅਤੇ ਵਾਹਨਾਂ ਨੂੰ ਅੱਗ ਅਗਾ ਦਿੱਤੀ। ਉਨ੍ਹਾਂ ਦੱਸਿਆ ਕਿ ਭੜਕੀ ਭੀੜ ਨੇ ਬੁਲਡੋਜ਼ਰ ਨੂੰ ਵੀ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਦੱਸਿਆ ਕਿ ਪ੍ਰਦਰਸ਼ਨਕਾਰੀਆਂ ਨੇ ਪੁਲੀਸ 'ਤੇ ਗ਼ੈਰਕਾਨੂੰਨੀ ਹਥਿਆਰਾਂ ਨਾਲ ਗੋਲੀ ਵੀ ਚਲਾਈ। ਡੀਆਈਜੀ ਕੁਮਾਉਂ ਵੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੇ ਤੇ ਵਾਧੂ ਪੁਲੀਸ ਫੋਰਸ ਮੌਕੇ 'ਤੇ ਸੱਦੀ ਗਈ। ਡੀਜੀਪੀ ਨੇ ਦੱਸਿਆ ਕਿ ਇਸ ਹਿੰਸਾ 'ਚ ਜ਼ਖਮੀ ਹੋਏ 60 ਤੋਂ ਵੱਧ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਐੱਸਐੱਸਪੀ ਪ੍ਰਹਿਲਾਦ ਮੀਨਾ ਨੇ ਦੱਸਿਆ ਕਿ ਸਰਕਾਰੀ ਜ਼ਮੀਨ 'ਤੇ ਗ਼ੈਰਕਾਨੂੰਨੀ ਮਦਰੱਸਾ ਉਸਾਰੇ ਜਾਣ ਦੇ ਮਾਮਲੇ 'ਚ ਨੋਟਿਸ ਭੇਜਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਜਦੋਂ ਸਰਕਾਰੀ ਟੀਮ ਉਸਾਰੀ ਢਾਹੁਣ ਲਈ ਪੁੱਜੀ ਤਾਂ ਲੋਕਾਂ ਨੇ ਹਿੰਸਾ ਸ਼ੁਰੂ ਕਰ ਦਿੱਤੀ।

# ਭਾਨਾ ਸਿੱਧੂ ਦੇ ਪਰਿਵਾਰਕ ਮੈਂਬਰਾਂ ਸਮੇਤ 200 ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ

ਧਨੌਲਾ-ਧਨੌਲਾ ਪੁਲੀਸ ਵੱਲੋਂ ਭਾਨਾ ਸਿੱਧੂ ਦੇ ਪਰਿਵਾਰਕ ਮੈਂਬਰਾਂ ਸਮੇਤ ਲਗਪਗ 150 ਤੋਂ 200 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਅਤੇ ਭੰਨ੍ਹ-ਤੋੜ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤੇ ਗਏ ਹਨ। ਜ਼ਿਕਰਯੋਗ ਹੈ ਭਾਨਾ ਸਿੱਧੂ ਦੀ ਗ੍ਰਿਫ਼ਤਾਰੀ ਸਬੰਧੀ ਵੱਖ-ਵੱਖ ਜਥੇਬੰਦੀਆਂ ਵੱਲੋਂ ਬੀਤੀ 3 ਫਰਵਰੀ ਨੂੰ ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਘੇਰਨ ਦਾ ਐਲਾਨ ਕੀਤਾ ਗਿਆ ਸੀ ਜਿਸ ਤਹਿਤ ਰਵਾਨਾ ਹੋਣ ਮੌਕੇ ਬਡਬਰ ਟੋਲ ਪਲਾਜ਼ਾ 'ਤੇ ਭਾਨਾ ਸਿੱਧੂ ਦੇ ਸਮਰਥਕਾਂ ਅਤੇ ਜਥੇਬੰਦੀਆਂ ਦਰਮਿਆਨ ਮਾਹੌਲ ਗਰਮਾ ਗਿਆ ਸੀ। ਇਸ ਸਬੰਧਤ ਕਾਰਵਾਈ ਕਰਦਿਆਂ ਧਨੌਲਾ ਪੁਲੀਸ ਵੱਲੋਂ 3 ਫਰਵਰੀ ਨੂੰ ਐੱਫਆਈ ਦਰਜ ਕੀਤੀ ਗਈ ਹੈ। ਦਰਜ ਐਫ਼ਆਈਆਰ ਅਨੁਸਾਰ ਪੁਲੀਸ ਦੇ ਸਮਝਾਉਣ ਦੇ



ਬਾਵਜੂਦ ਭੀੜ ਨੂੰ ਵਾਰ-ਵਾਰ ਪੁਲੀਸ 'ਤੇ ਹਮਲਾ ਕਰਨ ਲਈ ਉਕਸਾਉਣ ਤੇ ਅਣਪਛਾਤੇ ਵਿਅਕਤੀ ਵੱਲੋਂ ਡਿਊਟੀ 'ਤੇ ਤਾਇਨਾਤ ਸਹਾਇਕ ਥਾਣੇਦਾਰ ਜਗਦੀਪ ਸਿੰਘ ਸੀਆਈਏ ਬਰਨਾਲਾ 'ਤੇ ਕਿਰਪਾਨ ਨਾਲ ਜਾਨਲੇਵਾ ਹਮਲਾ ਕਰਨ ਬਾਰੇ ਲਿਖਿਆ ਹੈ। ਮੁਲਜ਼ਮਾਂ 'ਚ ਭਾਨਾ ਸਿੱਧੂ ਦਾ ਪਿਤਾ ਬਿੱਕਰ ਸਿੰਘ, ਭਰਾ ਅਮਨਾ ਸਿੰਘ, ਭੈਣਾਂ ਕਿਰਨਪਾਲ ਕੌਰ ਤੇ ਸੁਖਪਾਲ ਕੌਰ, ਸਰਬਜੀਤ ਸਿੰਘ ਸਰਪੰਚ ਵਾਸੀਆਨ ਕੋਟਦੱਨਾ, ਪੰਚ ਰਣਜੀਤ ਸਿੰਘ, ਕੁਲਵਿੰਦਰ ਸਿੰਘ ਖਾਲਸਤਾਨੀ ਵਾਸੀ ਕੱਟੂ, ਲੱਖਾ ਸਿਧਾਣਾ, ਗੁਰਵਿੰਦਰ ਸਿੰਘ ਉਰਫ ਗੰਗ, ਸੁਖਪਾਲ ਸਿੰਘ, ਗੁਰਵਿੰਦਰ ਸਿੰਘ ਉਰਫ ਗਿੱਲ, ਬਲਜਿੰਦਰ ਸਿੰਘ ਉਰਫ ਕਿੱਦਾ, ਪ੍ਰਿਤਪਾਲ ਸਿੰਘ ਵਾਸੀਆਨ ਕੋਟਦੁੱਨਾ, ਗੁਰਮੁੱਖ ਸਿੰਘ ਵਾਸੀ ਧਨੌਲਾ, ਜੱਸੀ ਨਿਹੰਗ ਵਾਸੀ ਧਨੌਲਾ, ਅਮਰੀਕ ਸਿੰਘ ਵਾਸੀ ਭੈਣੀ ਜੱਸਾ ਤੇ 150-200 ਅਣਪਛਾਤੇ ਵਿਅਕਤੀ ਸ਼ਾਮਲ ਹਨ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਂਉਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਕਾਰਬਨ ਟੈਕਸ ਨਾਲ ਲਗਾਤਾਰ ਕੈਨੇਡੀਅਨਾਂ ਨਾਲ ਘੁਟਾਲਾ ਕਰ ਰਹੀ ਹੈ ਲਿਬਰਲ-ਐਨਡੀਪੀ ਸਰਕਾਰ-ਹੱਲਣ

ਓਟਵਾ- ਕੰਸਰਵੇਟਿਵ ਐਮਪੀ ਜਸਰਾਜ ਸਿੰਘ ਹੱਲਣ ਨੇ ਕਿਹਾ ਕਿ ਲਿਬਰਲ-ਐਨੀਡੀਪੀ ਸਰਕਾਰ ਆਪਣੇ ਕਾਰਬਨ ਟੈਕਸ ਨਾਲ ਲਗਾਤਾਰ ਕੈਨੇਡੀਅਨ੍ਹਾਂ ਨਾਲ ਘੁਟਾਲਾ ਕਰ ਰਹੀ ਹੈ। ਹਾਊਸ ਆਫ ਕਾਮਨਜ਼ ਵਿਚ ਸੰਬੋਧਨ ਕਰਦਿਆਂ ਹੱਲਣ ਨੇ ਕਿਹਾ ਕਿ ਸਰਕਾਰ ਨੇ ਕਿਹਾ ਸੀ ਕਿ ਕੈਨੇਡੀਅਨਾਂ ਨੂੰ ਹੋਰ ਛੋਟਾਂ ਮਿਲਣਗੀਆਂ ਪਰ ਕੁਝ ਨਹੀਂ ਹੋਇਆ। ਇਹ ਅਪ੍ਰੈਲ ਵਿਚ ਕਾਰਬਨ ਟੈਕਸ ਘੁਟਾਲੇ ਨੂੰ ਵਧਾਉਣ ਦੀ ਯੋਜਨਾ ਬਣਾ ਰਹੀ ਹੈ ਜਿਸ ਨਾਲ ਹਰ ਚੀਜ਼ ਦੀ ਕੀਮਤ ਵਧ ਜਾਵੇਗੀ ਜਦਕਿ 20 ਲੱਖ ਕੈਨੇਡੀਅਨ ਇਕ ਮਹੀਨੇ ਵਿਚ ਫੂਡ ਬੈਂਕ ਕੋਲ ਜਾਂਦੇ ਹਨ ਜਿਨ੍ਹਾਂ ਵਿਚੋਂ ਹਰ ਤੀਸਰਾ ਵਿਅਕਤੀ ਬੱਚਾ ਹੁੰਦਾ ਹੈ। ਉਨ੍ਹਾਂ ਪੁੱਛਿਆ ਕਿ ਕੀ ਲਿਬਰਲਜ਼ ਇਕ ਅਪ੍ਰੈਲ ਨੂੰ



ਕਾਰਬਨ ਟੈਕਸ ਘੁਟਾਲੇ ਵਿਚ ਵਾਧੇ ਦੀਆਂ ਆਪਣੀਆਂ ਯੋਜਨਾਵਾਂ ਨੂੰ ਰੋਕਣਗੇ ਜਿਸ ਨਾਲ ਗੈਸ, ਗਰੌਸਰੀਜ਼ ਅਤੇ ਹੋਮ ਹੀਟਿੰਗਾਂ ਦੀਆਂ ਲਾਗਤਾਂ ਵਧ ਜਾਣਗੀਆਂ। ਸ. ਹੱਲਣ ਨੇ ਕਿਹਾ ਕਿ ਮਿਸਟਰ ਸਪੀਕਰ ਅਸੀਂ ਉਨ੍ਹਾਂ ਸਾਰੇ ਉਪਾਵਾਂ ਵਿਰੁੱਧ ਹਰੇਕ ਵਾਰ ਵੋਟਾਂ ਪਾਉਣਾ ਜਾਰੀ ਰੱਖਾਂਗੇ ਜਿਹੜੇ ਕੈਨੇਡੀਅਨਾਂ ਦੀ ਜ਼ਿੰਦਗੀ ਨੂੰ ਹੋਰ ਔਖਾ ਤੇ ਮਹਿੰਗਾ ਬਣਾਉਂਦੇ ਹਨ। ਲਿਬਰਲ-ਐਨਡੀਪੀ ਸਰਕਾਰ ਕੈਨੇਡੀਅਨਾਂ ਨੂੰ ਹੋਣ ਵਾਲੀ ਤਕਲੀਫ ਤੋਂ ਮੁਕਤ ਹਨ ਕਿਉਂਕਿ ਇਹ ਹਮੇਸ਼ਾ ਲਿਬਰਲ ਦੇ ਅੰਦਰੂਨੀ ਲੋਕਾਂ ਤੇ ਸਲਾਹਕਾਰਾਂ ਲਈ ਕੰਮ ਕਰਦੀ ਹੈ।




## ਕੌਮੀ ਰਾਜ਼ ਲੀਕ ਕਰਨ ਵਾਲੇ ਆਰਸੀਐਮਪੀ ਦੇ ਸਾਬਕਾ ਅਧਿਕਾਰੀ ਨੂੰ 14 ਸਾਲ ਕੈਦ ਦੀ ਸਜ਼ਾ

ਓਟਵਾ-ਓਨਟਾਰੀਓ ਦੇ ਸੁਪੀਰੀਅਰ ਕੋਰਟ ਦੇ ਇਕ ਜੱਜ ਨੇ ਆਰਸੀਐਮਪੀ ਦੇ ਇਕ ਸਾਬਕਾ ਇੰਟੈਲੀਜੈਂਸ ਅਧਿਕਾਰੀ ਕੈਮਰੂਨ ਓਰਟਿਸ ਨੂੰ 14 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਸਿਸਟੈਂਟ ਕਰਾਉਨ ਜੂਡੀ ਕਲੀਵਰ ਨੇ ਕਿਹਾ ਕਿ ਓਰਟਿਸ ਦਾ ਵਿਵਹਾਰ ਆਰਸੀਐਮਪੀ ਅਤੇ ਕੈਨੇਡਾ ਦੇ ਫਾਈਵ ਆਈ ਭਾਈਵਾਲਾਂ ਲਈ ਧੋਖਾ ਸੀ ਜਿਸ ਨੇ ਕੈਨੇਡੀਅਨਾਂ ਦੀ ਸੁਰੱਖਿਆ ਨੂੰ ਖ਼ਤਰੇ ਵਿਚ ਪਾਇਆ ਹੈ। ਆਪਣੇ ਫ਼ੈਸਲੇ 'ਤੇ ਪਹੁੰਚਦਿਆਂ ਜਸਟਿਸ ਰਾਬਰਟ ਮਾਰੈਂਜਰ ਨੇ ਕਿਹਾ ਕਿ ਸਜ਼ਾ ਸੁਣਾਉਣ ਦਾ ਕੰਮ ਭਾਰੀ ਬੋਝ ਸੀ ਅਤੇ ਉਸ ਨੂੰ ਆਸ ਹੈ ਕਿ ਓਰਟਿਸ ਦੇ ਫ਼ੈਸਲੇ ਨੂੰ ਲੈ ਕੇ ਉੱਚ ਅਦਾਲਤਾਂ ਵਿਚ ਅਪੀਲ ਕੀਤੀ ਜਾਵੇਗੀ।

## ਨਾਬਾਲਗਾਂ ਦੀ ਗਭਰੇਟ ਅਵਸਥਾ ਰੋਕਣ ਵਾਲੀਆਂ ਦਵਾਈਆਂ ਤਕ ਪਹੁੰਚ ਨਹੀਂ ਹੋਣੀ ਚਾਹੀਦੀ-ਪੋਲੀਵਰ



ਓਟਵਾ-ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਨੇ ਕਿਹਾ ਕਿ ਉਹ ਇਸ ਗੱਲ ਦਾ ਸਮਰਥਨ ਨਹੀਂ ਕਰਦਾ ਕਿ ਟਰਾਂਸ ਬੱਚੇ ਗਭਰੇਟ ਅਵਸਥਾ ਬਲੌਕਰਜ਼ ਲੈਣ। ਇਹ ਉਹ ਦਵਾਈਆਂ ਹੁੰਦੀਆਂ ਹਨ ਜਿਹੜੀਆਂ ਸੰਭਾਵਤ ਜੈਂਡਰ ਤਬਦੀਲੀ ਜਾਂ ਹਾਰਮੋਨ ਥੇਰੈਪੀ ਵਰਗੀ ਕਿਸੇ ਹੋਰ ਤਰ੍ਹਾਂ ਦਖਲਅੰਦਾਜ਼ੀ ਤੋਂ ਪਹਿਲਾਂ ਗਭਰੇਟ ਅਵਸਥਾ ਨੂੰ ਰੋਕਣ ਲਈ ਵਰਤੀਆਂ ਜਾਂਦੀਆਂ ਹਨ। ਕੰਸਰਵੇਟਿਵ ਕੌਕਸ ਮੀਟਿੰਗ ਤੋਂ ਪਹਿਲਾਂ ਪਾਰਲੀਮੈਂਟ ਹਿਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੋਲੀਵਰ ਨੇ ਕਿਹਾ ਕਿ ਟਰਾਂਸਜੈਂਡਰ ਇਲਾਜ ਨੂੰ ਅੱਗੇ ਵਧਾਉਣ ਦਾ ਫ਼ੈਸਲਾ ਸਿਰਫ ਬਾਲਗਾਂ ਤਕ ਰਾਖਵਾਂ ਹੋਣਾ ਚਾਹੀਦਾ ਹੈ। ਪੋਲੀਵਰ ਨੇ ਕਿਹਾ ਕਿ ਨਾਬਾਲਗਾਂ ਲਈ ਗਭਰੇਟ ਅਵਸਥਾ ਰੋਕੂ ਦਵਾਈਆਂ? ਮੇਰਾ ਖਿਆਲ ਹੈ ਕਿ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਬਾਲਗਾਂ ਵਾਲੇ ਫ਼ੈਸਲੇ ਲੈਣ ਦੇ ਯੋਗ ਹੋਣ ਤਕ ਉਨ੍ਹਾਂ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ। ਮੈਨੂੰ ਲਗਦਾ ਹੈ ਕਿ ਸਾਨੂੰ ਮਾਪਿਆਂ ਦੇ ਆਪਣੇ ਬੱਚਿਆਂ ਦੇ ਸਬੰਧ ਵਿਚ ਆਪਣੇ ਫ਼ੈਸਲੇ ਲੈਣ ਦੇ ਅਧਿਕਾਰਾਂ ਦੀ ਰਾਖੀ ਕਰਨੀ ਚਾਹੀਦੀ ਹੈ। ਇਹ ਗੱਲ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਵਲੋਂ ਆਪਣੇ ਸੂਬੇ ਵਿਚ ਪੇਸ਼ ਕੀਤੇ ਪ੍ਰਸਤਾਵ ਤੋਂ ਇਕ ਕਦਮ ਅੱਗੇ ਹਨ। ਸਮਿਥ ਜਿਸ ਨੇ ਪਿਛਲੇ ਹਫ਼ਤੇ ਟਰਾਂਸਜੈਂਡਰ ਨੀਤੀਆਂ ਦੀ ਲੜੀ ਦਾ ਐਲਾਨ ਕੀਤਾ ਨੇ 15 ਸਾਲ ਅਤੇ ਘੱਟ ਉਮਰ ਦੇ ਬੱਚਿਆਂ ਲਈ ਗਭਰੇਟ ਅਵਸਥਾ ਬਲੌਕਰਜ਼ ਅਤੇ ਹਾਰਮੋਨਜ਼ ਥੇਰੈਪੀ 'ਤੇ ਪਾਬੰਦੀਆਂ ਲਗਾਈਆਂ ਹਨ।






# ਸਰੀ ਦੇ ਐਂਟੀ-ਸੋਗੀ ਗਰੁੱਪ ਦੇ ਮੈਂਬਰ ਵਲੋਂ ਬੀਸੀ ਦੇ ਸਿੱਖਿਆ ਮੰਤਰੀ ਖਿਲਾਫ ਅਪਰਾਧਿਕ ਸ਼ਿਕਾਇਤ ਦਾਇਰ

ਸਰੀ-ਇਥੋਂ ਦੇ ਐਂਟੀ-ਸੋਗੀ ਗਰੁੱਪ ਦੇ ਮੈਂਬਰ ਵਲੋਂ ਬੀਸੀ ਦੀ ਸਿੱਖਿਆ ਮੰਤਰੀ ਅਤੇ ਸਰੀ-ਗਰੀਨ ਟਿੰਬਰਜ਼ ਤੋਂ ਐਮਐਲਏ ਰਚਨਾ ਸਿੰਘ ਖਿਲਾਫ ਅਪਰਾਧਿਕ ਸ਼ਿਕਾਇਤ ਦਾਇਰ ਕੀਤੀ ਗਈ ਹੈ। ਸ਼ਿਕਾਇਤ ਕਹਿੰਦੀ ਹੈ ਕਿ ਸਕੂਲ ਲਾਇਬ੍ਰੇਰੀਆਂ ਵਿਚ ਅਸ਼ਲੀਲਤਾ ਵਾਲੀਆਂ ਕਿਤਾਬਾਂ ਉਪਲਬਧ ਕਰਵਾਉਣ ਲਈ ਸਿੱਖਿਆ ਮੰਤਰੀ ਰਚਨਾ ਸਿੰਘ ਜ਼ਿੰਮੇਵਾਰ ਹੈ। ਬੀਸੀ ਦੀ ਫ੍ਰੀਡਮ ਪਾਰਟੀ ਜਿਹੜੀ ਸਰੀ ਵਿਚ ਐਂਟੀ-ਸੋਗੀ 123 ਮਾਰਚਾਂ ਦਾ ਆਯੋਜਨ ਕਰਦੀ ਹੈ ਦੇ ਨੇਤਾ ਅੰਮ੍ਰਿਤ ਬੜਿੰਗ ਨੇ ਕਿਹਾ ਕਿ ਬੀਸੀ ਦੀ ਸਿੱਖਿਆ ਮੰਤਰੀ ਬੀਸੀ ਦੇ ਸਕੂਲਾਂ ਵਿਚ ਬੱਚਿਆਂ ਨੂੰ ਅਸ਼ਲੀਲਤਾ ਵਾਲੀ ਸਮੱਗਰੀ ਉਪਲਬਧ ਕਰਵਾਉਣ ਲਈ ਜ਼ਿੰਮੇਵਾਰ ਹੈ। ਬੜਿੰਗ ਨੇ ਨਿਊਟਨ ਵਿਚ ਸਰੀ ਆਰਸੀਐਮਪੀ ਦੀ ਮੁੱਖ ਡਿਟੈਚਮੈਂਟ ਇਮਾਰਤ ਵਿਚ ਰਸਮੀ ਸ਼ਿਕਾਇਤ ਦਾਇਰ ਕੀਤੀ ਹੈ। ਸਰੀ ਆਰਸੀਐਮਪੀ ਜਾਂਚ ਦੀ ਦਿਆਨਤਦਾਰੀ ਦੇ ਬਚਾਅ ਲਈ ਜਾਂਚ ਹੋ ਰਹੀ ਹੈ ਜਾਂ ਨਹੀਂ ਇਸ ਗੱਲ ਦੀ ਪੁਸ਼ਟੀ ਜਾਂ ਇਨਕਾਰ ਨਹੀਂ ਕਰੇਗੀ। ਰਚਨਾ ਸਿੰਘ ਨੇ ਟਿੱਪਣੀਆਂ ਲਈ ਬੇਨਤੀਆਂ ਦਾ ਜਵਾਬ ਨਹੀਂ ਦਿੱਤਾ ਪਰ ਬੀਸੀ ਐਨਡੀਪੀ ਦੇ ਡਾਇਰੈਕਟਰ ਆਫ ਕਮਿਊਨੀਕੇਸ਼ਨ ਐਡ ਮੇਅ ਨੇ ਕਿਹਾ ਕਿ ਉਹ ਇਸ ਗੱਲ ਦੀ ਤਸਦੀਕ ਕਰ ਸਕਦਾ ਹੈ ਕਿ ਐਮਐਲਏ ਸਿੰਘ ਨੂੰ ਆਰਸੀਐਮਪੀ ਤੋਂ ਕੋਈ ਵੀ ਪੱਤਰ ਪ੍ਰਾਪਤ ਨਹੀਂ ਹੋਇਆ।

# 11 ਹੋਰ ਐਸਪੀਐਸ ਅਫਸਰਾਂ ਦੀ ਤਾਇਨਾਤੀ ਕੋਈ ਵੱਡਾ ਹੰਭਲਾ ਨਹੀਂ-ਬਰੈਂਡਾ ਲੋਕ

ਸਰੀ-ਸਰੀ ਪੁਲਿਸ ਸਰਵਿਸ ਸ਼ਹਿਰ ਵਿਚ 11 ਹੋਰ ਪੁਲਿਸ ਅਫਸਰ ਫਰੰਟਲਾਈਨ 'ਤੇ ਤਾਇਨਾਤ ਕਰ ਰਹੀ ਹੈ ਜਿਸ ਨਾਲ ਸਰੀ ਆਰਸੀਐਮਪੀ ਦੀ ਕਮਾਂਡ ਹੇਠ ਤਾਇਨਾਤ ਐਸਪੀਐਸ ਅਫਸਰਾਂ ਦੀ ਗਿਣਤੀ ਲਗਪਗ 200 ਹੋ ਜਾਵੇਗੀ। ਤਾਜ਼ਾ ਗਰੁੱਪ 2024 ਵਿਚ ਐਸਪੀਐਸ ਅਫਸਰਾਂ ਦੀ ਪਹਿਲੀ ਟੁਕੜੀ ਹੈ ਜਿਹੜੀ ਤਾਇਨਾਤ ਕੀਤੀ ਜਾ ਰਹੀ ਹੈ ਜਿਸ ਵਿਚ ਚਾਰ ਸਾਰਜੈਂਟ ਅਤੇ ਸੱਤ ਕੰਸਟੇਬਲ ਹਨ ਪਰ ਇਥੋਂ ਦੀ ਮੇਅਰ ਬਰੈਂਡਾ ਲੋਕ ਦਾ ਕਹਿਣਾ ਕਿ ਸਰੀ ਪੁਲਿਸ ਸਰਵਿਸ ਤੋਂ ਜਿੰਨੇ ਅਸੀਂ ਜ਼ਿਆਦਾ ਫਰੰਟਲਾਈਨ ਅਫਸਰ ਪ੍ਰਾਪਤ ਕਰਾਂਗੇ ਉਨਾ ਹੀ ਆਰਸੀਐਮਪੀ ਲਈ ਬਿਹਤਰ ਗੱਲ ਹੋਵੇਗੀ ਪਰ ਬਦਕਿਸਮਤੀ ਨਾਲ ਉਹ ਬਹੁਤੇ ਪੁਲਿਸ ਅਫਸਰ ਮੁਹੱਈਆ ਨਹੀਂ ਕਰ ਸਕੇ ਅਤੇ 11 ਅਫਸਰਾਂ ਦੀ ਗਿਣਤੀ ਤਾਂ ਮਾਮੂਲੀ ਹੈ। ਜਦੋਂ ਤੁਸੀਂ ਇਸ ਗੱਲ 'ਤੇ ਵਿਚਾਰ ਕਰਦੇ ਹੋ ਕਿ ਇਸ ਨੇ ਇਕ ਅਪ੍ਰੈਲ 2021 ਤਕ ਪੂਰੀ ਤਰ੍ਹਾਂ ਕੰਮ ਕਰਨ ਲੱਗ ਪੈਣਾ ਸੀ, ਫਿਰ ਵੀ ਅਸੀਂ ਉਨ੍ਹਾਂ ਦੇ ਆਉਣ ਤੋਂ ਖੁਸ਼ ਹਾਂ ਪਰ ਲੋੜ ਮੁਤਾਬਿਕ ਇਸ ਨਾਲ ਬਹੁਤਾ ਫਰਕ ਨਹੀਂ ਪਵੇਗਾ। ਐਸਪੀਐਸ ਕੋਲ ਅਜੇ ਵੀ 100 ਅਫਸਰ ਹਨ ਜਿਹੜੇ ਤਾਇਨਾਤ ਕਰਨਯੋਗ ਨਹੀਂ ਹਨ ਪਰ ਇਨ੍ਹਾਂ ਲਈ ਸਰੀ ਭੁਗਤਾਨ ਕਰ ਰਿਹਾ ਹੈ ਅਤੇ ਸਾਡੇ ਪੈਸਿਆਂ ਦਾ ਮੁੱਲ ਨਹੀਂ ਮਿਲ ਰਿਹਾ। ਇਸੇ ਦੌਰਾਨ ਸੇਫ ਸਰੀ ਕੁਲੀਸ਼ਨ ਨੇ 5 ਫਰਵਰੀ ਨੂੰ ਮੇਅਰ ਲੋਕ ਨੂੰ ਸਾਹਮਣੇ ਰੱਖ ਕੇ ਇਕ ਤਿੱਖੇ ਹਮਲੇ ਵਾਲੀ ਪ੍ਰੈਸ ਰਿਲੀਜ਼



ਜਾਰੀ ਕੀਤੀ ਅਤੇ ਦੋਸ਼ ਲਗਾਇਆ ਕਿ ਤਾਜ਼ਾ ਸ਼ਰੇਆਮ ਹੋਈ ਗੋਲੀਬਾਰੀ ਮੇਅਰ ਦੀ ਛੋਟੀ ਅਤੇ ਬਦਲਾਖੋਰੀ ਵਾਲੀ ਰਾਜਨੀਤੀ ਦਾ ਸਿੱਧਾ ਨਤੀਜਾ ਹੈ ਜਿਹੜੀ ਸਾਡੇ ਸ਼ਹਿਰ ਵਿਚ ਜਨਤਕ ਸੁੱਰਖਿਆ ਨੂੰ ਖੋਖਲਾ ਕਰ ਰਹੀ ਹੈ। ਕੌਂਸਲਰ ਡੱਗ ਐਲਫੋਰਡ ਨੇ ਕਿਹਾ ਕਿ ਅਸੀਂ ਆਪਣੀਆਂ ਸੜਕਾਂ ਨੂੰ ਲੜਾਈ ਦਾ ਮੈਦਾਨ ਬਣਨ ਨਹੀਂ ਦੇ ਸਕਦੇ ਜਿਥੇ ਸਾਡੇ ਨਿਰਦੋਸ਼ ਲੋਕ ਜਿਸ ਵਿਚ ਬਜ਼ੁਰਗ ਅਤੇ ਬੱਚੇ ਸ਼ਾਮਿਲ ਹਨ ਲਾਪ੍ਰਵਾਹ ਹਿੰਸਾ ਦੀ ਲਪੇਟ ਵਿਚ ਆ ਜਾਣ। ਪ੍ਰੈਸ ਰਿਲੀਜ਼ ਵਿਚ ਕਿਹਾ ਗਿਆ ਹੈ ਕਿ 50 ਐਸਪੀਐਸ ਅਫਸਰ ਤਾਇਨਾਤ ਕੀਤੇ ਜਾਣ ਲਈ ਤਿਆਰ ਹੈ ਪਰ ਲੋਕ ਜਾਣ ਬੁੱਝ ਕੇ ਉਨ੍ਹਾਂ ਨੂੰ ਰੋਕ ਰਹੀ ਹੈ। ਕੌਂਸਲਰ ਮਨਦੀਪ ਨਾਗਰਾ ਨੇ ਕਿਹਾ ਕਿ ਜੇਕਰ ਇਨ੍ਹਾਂ 50 ਅਫਸਰਾਂ ਨੂੰ ਤਾਇਨਾਤ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਉਹ ਸਮੁੱਚੇ ਸਰੀ ਸ਼ਹਿਰ ਵਿਚ ਪੁਲਿਸ ਦੀ ਮੌਜੂਦਗੀ ਵਿਚ ਮਹੱਤਵਪੂਰਣ ਵਾਧਾ ਕਰਨਗੇ।

# ਸਰੀ ਦੇ ਮਰਹੂਮ ਕਿਸ਼ੌਰ ਨੂੰ ਬਲੈਕਮੇਲ ਕਰਨ ਵਾਲੇ ਵਿਅਕਤੀ ਖ਼ਿਲਾਫ਼ ਨਾਈਜੀਰੀਆ ਵਿਚ ਦੋਸ਼ ਆਇਦ

ਸਰੀ-ਪੁਲਿਸ ਨੇ ਦੱਸਿਆ ਕਿ ਪੈਸਿਆਂ ਲਈ ਬਲੈਕਮੇਲ ਕਰਨ (ਫਾਈਨੈਂਸ਼ਲ ਸੈਕਸਟੌਰਸ਼ਨ) ਜਿਸ ਦੇ ਸਿੱਟੇ ਵਜੋਂ ਸਰੀ ਵਿਚ ਇਕ ਕਿਸ਼ੌਰ ਦੀ ਅਚਨਚੇਤ ਦੁਖਦਾਈ ਮੌਤ ਹੋਈ ਸੀ ਦੇ ਸਬੰਧ ਵਿਚ ਨਾਈਜੀਰੀਆ ਵਿਚ ਇਕ ਵਿਅਕਤੀ ਖਿਲਾਫ ਦੋਸ਼ ਲਗਾਏ ਗਏ ਹਨ। 13 ਫਰਵਰੀ 2023 ਨੂੰ 14 ਸਾਲਾ ਕਿਸ਼ੋਰ ਦੀ ਅਚਨਚੇਤ ਹੋਈ ਮੌਤ ਦੇ ਸਬੰਧ ਵਿਚ ਸਰੀ ਆਰਸੀਐਮਪੀ ਨੇ ਤਾਜ਼ਾ ਜਾਣਕਾਰੀ ਦਿੱਤੀ ਹੈ। 26 ਸਾਲਾ ਅਦੇਦਾਯੋ ਓਲੂਕੇਏ ਨਾਈਜ਼ੀਰੀਆ ਵਿਚ ਬਾਲ ਪੋਰਨੋਗ੍ਰਾਫੀ ਕੋਲ ਰੱਖਣ ਤੇ ਉਨ੍ਹਾਂ ਨੂੰ ਇਧਰ ਉਧਰ ਭੇਜਣ, ਫਿਰੌਤੀ ਲਈ ਧਮਕੀਆਂ ਦੇਣ ਦੀ ਕੋਸ਼ਿਸ਼ ਕਰਨ, ਮਨੀ ਲਾਂਡਰਿੰਗ ਅਤੇ ਗੈਰਕਾਨੂੰਨੀ ਕੰਮ ਦੀ ਕਮਾਈ ਨੂੰ ਕਾਇਮ ਰੱਖਣ ਦੇ ਦੋਸ਼ਾਂ ਲਈ ਨਾਈਜੀਰੀਆ ਵਿਚ ਮੁਕੱਦਮੇ ਦਾ ਸਾਹਮਣਾ ਕਰ ਰਿਹਾ ਹੈ ਅਤੇ ਉਸ ਨੂੰ ਹਿਰਾਸਤ ਵਿਚ ਰੱਖਿਆ ਜਾ ਰਿਹਾ ਹੈ। ਪੁਲਿਸ ਨੇ ਪੀੜਤ ਦਾ ਨਾਂਅ ਨਹੀਂ ਦੱਸਿਆ ਪਰ ਪ੍ਰੈਸ ਕਾਨਫਰੰਸ ਵਿਚ ਦਿਖਾਈ ਤਸਵੀਰ ਦੱਖਣੀ ਸਰੀ ਦੇ ਵਾਸੀ ਤੇ ਹਾਕੀ ਖਿਡਾਰੀ ਰੌਬਿਨ ਜੰਜੂਆ ਦੇ ਮਹੱਤਵਪੂਰਣ ਅੰਕੜਿਆਂ ਨਾਲ ਮੇਲ ਖਾਂਦੀ ਹੈ ਜਿਸ ਦੀ ਮੌਤ ਫਰਵਰੀ ਅਤੇ ਮਾਰਚ 2023 ਨੂੰ ਸੁਰਖੀਆਂ ਬਣੀ ਸੀ। ਜਾਂਚ ਅਧਿਕਾਰੀਆਂ ਨੂੰ ਇਹ ਭਰੋਸੇਯੋਗ ਸਬੂਤ ਮਿਲੇ ਹਨ ਕਿ ਕਿਸ਼ੌਰ ਸ਼ੱਕੀ ਵਿਅਕਤੀ ਦੇ ਜਾਲ ਵਿਚ ਫਸ ਗਿਆ ਅਤੇ ਉਸ ਨੂੰ ਆਪਣੀਆਂ ਜਿਣਸੀ ਤਸਵੀਰਾਂ ਭੇਜ ਬੈਠਾ ਜਿਸ ਨੇ ਆਪਣੇ ਆਪ ਨੂੰ ਇਕ ਕਿਸ਼ੋਰ ਲੜਕੀ ਦੱਸਿਆ ਸੀ। ਇਸ ਪਿਛੋਂ ਸ਼ੱਕੀ ਨੇ ਉਸ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ ਕਿ ਜੇਕਰ ਉਹ ਗਿਫਟ ਕਾਰਡ ਖਰੀਦ ਕੇ ਉਸ (ਸ਼ੱਕੀ) ਨੂੰ ਨਹੀਂ ਭੇਜੇਗਾ ਤਾਂ ਉਹ ਤਸਵੀਰਾਂ ਉਸ ਦੇ ਪਰਿਵਾਰ ਤੇ ਦੋਸਤਾਂ ਨੂੰ ਭੇਜ ਦੇਵੇਗਾ। ਅਗਸਤ ਮਹੀਨੇ ਦੋ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਦੂਸਰੇ ਸ਼ੱਕੀ ਨੂੰ ਬਿਨ੍ਹਾਂ ਕਿਸੇ ਮੁਕੱਦਮੇ ਦੇ ਰਿਹਾਅ ਕਰ ਦਿੱਤਾ ਗਿਆ। ਓਲੂਕੇਏ ਨਾਈਜੀਰੀਆ ਵਿਚ ਮੁਕੱਦਮੇ ਦੀ ਉਡੀਕ ਤਕ ਹਿਰਾਸਤ ਵਿਚ ਰਹੇਗਾ। ਕੈਨੇਡਾ ਦੀ ਨਾਈਜੀਰੀਆ ਨਾਲ ਹਵਾਲਗੀ ਸੰਧੀ ਨਹੀਂ ਇਸ ਕਰਕੇ ਨਾਈਜੀਰੀਆ ਵਿਚ ਕੈਨੇਡੀਅਨ ਅਧਿਕਾਰੀ ਮੁਦਈ ਪੱਖ ਦੀ ਸਹਾਇਤਾ ਕਰਨਗੇ।

# ਆਈਆਰਸੀਸੀ 2024 ਵਿਚ ਸਿਰਫ 606250 ਸਟੱਡੀ ਪਰਮਿਟ ਅਰਜ਼ੀਆਂ 'ਤੇ ਵਿਚਾਰ ਕਰੇਗਾ

ਓਟਵਾ-ਇਮੀਗ੍ਰੇਸ਼ਨ ਰਿਫਊਜ਼ੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਦੇ 22 ਜਨਵਰੀ ਦੇ ਐਲਾਨ ਪਿੱਛੋਂ ਵਿਭਾਗ ਨੇ ਉਨ੍ਹਾਂ ਸਟੱਡੀ ਪਰਮਿਟ ਅਰਜ਼ੀਆਂ ਗਿਣਤੀ ਤਹਿ ਕੀਤੀ ਹੈ ਜਿਨ੍ਹਾਂ 'ਤੇ 2024 ਵਿਚ ਵਿਚਾਰ ਕੀਤੀ ਜਾਵੇਗੀ। ਆਈਆਰਸੀਸੀ ਵਲੋਂ ਮੰਤਰਾਲੇ ਦੇ ਜਾਰੀ ਕੀਤੇ ਨਿਰਦੇਸ਼ਾਂ ਮੁਤਾਬਿਕ ਵਿਭਾਗ 2024 ਵਿਚ ਵੱਧ ਤੋਂ ਵੱਧ 606250 ਸਟੱਡੀ ਪਰਮਿਟ ਅਰਜ਼ੀਆਂ 'ਤੇ ਵਿਚਾਰ ਕਰੇਗਾ। ਇਹ ਕਟੌਤੀ 22 ਜਨਵਰੀ ਨੂੰ ਐਲਾਨੀ (360000 ਸਟੱਡੀ ਪਰਮਿਟ ਅਰਜ਼ੀਆਂ) ਤੋਂ ਵੱਖ ਹੈ ਜਿਸ ਵਿਚ ਵਿਸ਼ੇਸ਼ ਰੂਪ ਵਿਚ ਸਟੱਡੀ ਪਰਮਿਟ ਮਨਜ਼ੂਰੀਆਂ ਸ਼ਾਮਿਲ ਹਨ। ਇਹ ਨਵੀਆਂ ਹਦਾਇਤਾਂ ਸਟੱਡੀ ਪਰਮਿਟ ਅਰਜ਼ੀਆਂ ਦੀ ਕੁਲ ਗਿਣਤੀ ਦਾ ਹਵਾਲਾ ਦਿੰਦੀਆਂ ਹਨ ਜਿਨ੍ਹਾਂ 'ਤੇ 2024 ਵਿਚ ਆਈਆਰਸੀਸੀ ਵਲੋਂ ਵਿਚਾਰ ਕੀਤੀ ਜਾਵੇਗੀ। ਇਸ ਦਾ ਮਤਲਬ ਅਗਲੇ 11 ਮਹੀਨਿਆਂ ਵਿਚ ਆਈਆਰਸੀਸੀ ਹਰੇਕ ਅਰਜ਼ੀ ਦੇ ਫ਼ੈਸਲੇ 'ਤੇ ਪਹੁੰਚਣ ਦਾ ਖਿਆਲ ਨਾ ਕਰਦਿਆਂ 606,250 ਸਟੱਡੀ ਪਰਮਿਟ ਅਰਜ਼ੀਆਂ ਦੀ ਪ੍ਰਕਿਰਿਆ ਤਕ ਆਪਣੇ ਆਪ ਨੂੰ ਸੀਮਤ ਰੱਖੇਗਾ। ਹਦਾਇਤਾਂ ਵਿਚ ਇਕ ਹੋਰ ਕਦਮ ਅੱਗੇ ਜਾਂਦਿਆਂ ਕਿਹਾ ਕਿ ਪ੍ਰੋਸੈਸਿੰਗ ਲਈ ਸਵੀਕਾਰ ਕੀਤੇ ਸਟੱਡੀ ਪਰਮਿਟਾਂ ਵਿਚ ਮੰਤਰੀ ਵਲੋਂ ਜੇਕਰ ਬਾਅਦ ਵਿਚ ਹਦਾਇਤਾਂ ਕੀਤੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਮੁਤਾਬਿਕ ਸੋਧ ਕੀਤੀ ਜਾ ਸਕਦੀ ਹੈ। ਇਸ ਦਾ ਮਤਲਬ ਇਹ ਹੈ ਕਿ ਜੇਕਰ ਆਈਆਰਸੀਸੀ 606,250 ਬਿਨੇਕਾਰਾਂ ਦੀ ਪ੍ਰੋਸੈਸਗਿੰ ਕੈਪ ਦੇ ਅੰਦਰ ਅੰਦਰ ਪ੍ਰਵਾਨ ਕੀਤੇ ਜਾਣ ਵਾਲੇ 360000 ਸਟੱਡੀ ਪਰਮਿਟਾਂ ਦੀ ਗਿਣਤੀ ਤਕ ਨਹੀਂ ਪਹੁੰਚਦਾ ਤਾਂ ਮੰਤਰੀ ਅਜਿਹਾ ਕਰਨ ਲਈ ਪ੍ਰੋਸੈਸ ਕੀਤੀਆਂ ਜਾਣ ਵਾਲੀਆਂ ਅਰਜ਼ੀਆਂ ਦੀ ਗਿਣਤੀ ਵਧਾ ਸਕਦਾ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# 17 ਸਾਲਾ ਲੜਕੇ 'ਤੇ ਦੋ ਔਰਤਾਂ ਦੇ ਚਾਕੂ ਮਾਰਨ ਦਾ ਦੋਸ਼

ਸਰੀ-ਇਕ 17 ਸਾਲਾ ਲੜਕੇ 'ਤੇ ਨਿਊਟਨ ਤੇ ਨੌਰਥ ਡੈਲਟਾ ਵਿਚ ਦੋ ਔਰਤਾਂ ਦੇ ਚਾਕੂ ਮਾਰਨ ਦਾ ਦੋਸ਼ ਲਗਾਇਆ ਗਿਆ ਹੈ। ਸਰੀ ਆਰਸੀਐਮਪੀ ਦੀ ਕਾਰਪੋਰਲ ਸਰਬਜੀਤ ਸੰਘਾ ਨੇ ਦੱਸਿਆ ਕਿ ਲੜਕਾ ਜਿਸ ਦੀ ਪਛਾਣ ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਗੁਪਤ ਰੱਖੀ ਗਈ ਹੈ ਨੂੰ ਹਿਰਾਸਤ ਵਿਚ ਰੱਖਿਆ ਜਾ ਰਿਹਾ ਹੈ। ਇਕ ਮਾਮਲੇ ਵਿਚ ਉਸ ਨੇ 16 ਜਨਵਰੀ ਨੂੰ 84 ਐਵੀਨਿਊ ਦੇ 12200 ਬਲੌਕ ਵਿਚ ਇਕ ਔਰਤ ਦੇ ਚਾਕੂ ਮਾਰਿਆ ਅਤੇ 23 ਜਨਵਰੀ ਨੂੰ ਉਹ 120 ਸਟ੍ਰੀਟ ਦੇ 8100 ਬਲੌਕ ਵਿਚ ਇਕ ਹੋਰ ਔਰਤ ਦੇ ਚਾਕੂ ਮਾਰਨ ਦੀ ਘਟਨਾ ਵਿਚ ਸ਼ਾਮਿਲ ਸੀ। ਸੰਘਾ ਨੇ ਦੱਸਿਆ ਕਿ ਕਿਸੇ ਵੀ ਪੀੜਤ ਦੇ ਜਾਨਲੇਵਾ ਜ਼ਖ਼ਮ ਨਹੀਂ ਹੋਏ। ਦੋਸ਼ੀ ਦੇ ਨਾਬਾਲਗ ਹੋਣ ਅਤੇ ਜਾਂਚ ਅਦਾਲਤਾਂ ਸਾਹਮਣੇ ਹੋਣ ਕਾਰਨ ਹੋਰ ਜਾਣਕਾਰੀ ਸਾਂਝੀ ਨਹੀਂ ਕੀਤੀ ਜਾਵੇਗੀ।



# ਕ੍ਰਾਊਨ ਦੀਆਂ ਚਿੰਤਾਵਾਂ ਦੇ ਬਾਵਜੂਦ ਪ੍ਰੀਮੀਅਰ ਦੀ ਵੈਨਕੂਵਰ ਕੋਰਟਹਾਊਸ ਨੂੰ ਤਬਦੀਲ ਕਰਨ ਵਿਚ ਦਿਲਚਸਪੀ ਨਹੀਂ

ਵੈਨਕੂਵਰ-ਪ੍ਰੀਮੀਅਰ ਡੇਵਿਡ ਏਬੀ ਦਾ ਕਹਿਣਾ ਕਿ ਸਰਕਾਰ ਮੌਜੂਦਾ ਸਮੇਂ ਡਾਊਨਟਾਊਨ ਵੈਨਕੂਵਰ ਵਿਚ ਪ੍ਰੋਵਿੰਸ਼ੀਅਲ ਕੋਰਟ ਹਾਊਸ ਨੂੰ ਹੋਰ ਥਾਂ ਤਬਦੀਲ ਕਰਨ 'ਤੇ ਵਿਚਾਰ ਨਹੀਂ ਕਰ ਰਹੀ ਜਿਸ ਥਾਂ ਨੂੰ ਲੈ ਕੇ ਬ੍ਰਿਟਿਸ਼ ਕੋਲੰਬੀਆ ਕਰਾਊਨ ਕੌਂਸਲ ਐਸੋਸੀਏਸ਼ਨ ਦੇ ਪ੍ਰਧਾਨ ਦਾ ਕਹਿਣਾ ਕਿ ਸੁਰੱਖਿਆ ਚਿੰਤਾਵਾਂ ਵੱਧ ਰਹੀਆਂ ਹਨ। ਐਡਮ ਡੈਲਰੀਮਪਲ ਨੇ ਇਕ ਬਿਆਨ ਵਿਚ ਕਿਹਾ ਕਿ 222 ਮੇਨ ਸਟ੍ਰੀਟ ਵਿਖੇ ਕੋਰਟਹਾਊਸ ਨੇੜੇ ਇਕ ਪ੍ਰੋਸੀਕਿਊਟਰ 'ਤੇ ਤਾਜ਼ਾ ਹਮਲਾ ਇਸ ਗੱਲ 'ਤੇ ਗੰਭੀਰ ਚਰਚਾ ਕਰਨ ਦੀ ਲੋੜ 'ਤੇ ਜ਼ੋਰ ਦਿੰਦਾ ਹੈ ਕਿ ਕੀ ਇਸ ਨੂੰ ਡਾਊਨਟਾਊਨ ਈਸਟਸਾਈਟ ਤੋਂ ਪਰ੍ਹੇ ਲਿਜਾਣਾ ਚਾਹੀਦਾ ਹੈ ਜਾਂ ਨਹੀਂ। ਕਿਸੇ ਹੋਰ ਵਿਸ਼ੇ ਨਾਲ ਸਬੰਧਤ ਇਕ ਪ੍ਰੈਸ ਕਾਨਫਰੰਸ ਵਿਚ ਏਬੀ ਨੇ ਕਿਹਾ ਕਿ ਇਸ ਕਦਮ ਬਾਰੇ ਸੂਬਾ ਵਿਚਾਰ ਨਹੀਂ ਕਰ ਰਿਹਾ ਹੈ ਪਰ ਉਹ ਪਿਛਲੇ ਸ਼ੁੱਕਰਵਾਰ ਹੋਏ ਹਮਲੇ ਬਾਰੇ ਬਹੁਤ ਚਿੰਤਤ ਹਨ। ਪ੍ਰੀਮੀਅਰ ਨੇ ਕਿਹਾ ਕਿ ਉਨ੍ਹਾਂ ਨੇ ਬੀਸੀ ਦੀ ਅਟਾਰਨੀ ਜਨਰਲ ਨਿੱਕੀ ਸ਼ਰਮਾ ਨਾਲ ਗੱਲਬਾਤ ਕੀਤੀ ਹੈ ਅਤੇ ਉਹ ਅਦਾਲਤਾਂ ਅਤੇ ਨਿਆਂ ਪ੍ਰਣਾਲੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਪਣੇ ਹੋਰ ਕੰਮ ਤੋਂ ਇਲਾਵਾ ਕਰਾਊਨ ਕੌਂਸਲ ਐਸੋਸੀਏਸ਼ਨ ਤਕ ਪਹੁੰਚ ਕਰੇਗੀ। ਡੈਲਰੀਮਪਲ ਨੇ ਬਿਆਨ ਵਿਚ ਦੱਸਿਆ ਕਿ ਪ੍ਰੌਸੀਕਿਊਟਰ ਆਪਣੀ ਕਾਰ ਪਾਰਕ ਕਰਕੇ ਕੰਮ ਲਈ ਜਾ ਰਹੀ ਸੀ ਜਦੋਂ ਉਸ 'ਤੇ ਬਿਨ੍ਹਾਂ ਕਿਸੇ ਕਾਰਨ ਹਮਲਾ ਕਰ ਦਿੱਤਾ ਗਿਆ ਜਿਸ ਨਾਲ ਉਸ ਦੇ ਸੱਟਾਂ ਲੱਗੀਆਂ ਅਤੇ ਉਸ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ।



# ਸਰਕਾਰ ਤੋਂ ਟਰਾਂਜ਼ਿਟ ਨੂੰ ਜ਼ਰੂਰੀ ਸੇਵਾ ਘੋਸ਼ਿਤ ਕਰਵਾਉਣ ਲਈ ਸਾਰੀ ਵਾਸੀ ਵਲੋਂ ਪਟੀਸ਼ਨ

ਸਰੀ-ਇਥੋਂ ਦਾ ਇਕ ਵਾਸੀ ਮੈਟਰੋ ਵੈਨਕੂਵਰ ਵਿਚ ਮਨੋਨੀਤ ਟਰਾਂਜ਼ਿਟ ਨੂੰ ਇਕ ਜ਼ਰੂਰੀ ਸੇਵਾ ਵਜੋਂ ਐਲਾਨ ਕਰਵਾਉਣ ਲਈ ਸੂਬਾ ਸਰਕਾਰ ਨੂੰ ਪਟੀਸ਼ਨ ਭੇਜ ਰਿਹਾ ਹੈ। ਕੇਵਿਨ ਨੀਥ ਕੰਮ 'ਤੇ ਜਾਣ ਅਤੇ ਆਪਣੇ ਦੋਸਤਾਂ, ਪਰਿਵਾਰ ਅਤੇ ਸਹੇਲੀ ਕੋਲ ਜਾਣ ਲਈ ਟਰਾਂਜ਼ਿਟ 'ਤੇ ਨਿਰਭਰ ਕਰਦਾ ਹੈ। ਨੀਥ ਦਾ ਕਹਿਣਾ ਕਿ ਬੱਸਾਂ ਤੋਂ ਬਿਨ੍ਹਾਂ ਤਾਂ ਮੈਂ ਕਿਤੇ ਜਾ ਹੀ ਨਹੀਂ ਸਕਦਾ। ਇਹ ਮੇਰੇ ਇਕੱਲੇ ਦੀ ਕਹਾਣੀ ਹਨ ਸਗੋਂ ਹਕੀਕਤ ਇਹ ਹੈ ਕਿ ਸਾਡੀ ਕਮਿਊਨਿਟੀ ਦੇ ਬਹੁਤ ਸਾਰੇ ਲੋਕ ਹਨ ਜਿਹੜੇ ਨਿਤ ਦਿਨ ਇਸ ਸੇਵਾ 'ਤੇ ਨਿਰਭਰ ਕਰਦੇ ਹਨ। ਨੀਥ ਨੇ ਇਹ ਪਟੀਸ਼ਨ ਕੌਸਟ ਮਾਊਂਟੇਨ ਬੱਸ ਕੰਪਨੀ ਨਾਲ ਇਕਰਾਰ ਗੱਲਬਾਤ ਟੁੱਟ ਜਾਣ ਪਿੱਛੋਂ 180 ਤੋਂ ਵੀ ਵੱਧ ਯੂਨੀਅਨ ਦੇ ਟਰਾਂਜ਼ਿਟ ਸੁਪਰਵਾਈਜ਼ਰਾਂ ਵਲੋਂ ਸ਼ੁਰੂ ਕੀਤੀ 48 ਘੰਟਿਆਂ ਦੀ ਹੜਤਾਲ ਦਰਮਿਆਨ 22 ਜਨਵਰੀ ਨੂੰ ਚੇਂਜ਼ ਡਾਟ ਓਆਰਜੀ 'ਤੇ ਤਿਆਰ ਕੀਤੀ ਸੀ। ਉਸ ਨੇ ਫੇਸਬੁੱਕ 'ਤੇ ਪਾਈ ਪੋਸਟ ਵਿਚ ਲਿਖਿਆ ਕਿ ਉਹ ਕਿਸੇ ਵੀ ਤਰੀਕੇ ਨਾਲ ਕਿਊਪ 4500 ਜਾਂ ਕਿਸੇ ਯੂਨੀਅਨ ਦੇ ਖਿਲਾਫ ਨਹੀਂ। ਮੇਰਾ ਖਿਆਲ ਹੈ ਕਿ ਜੋ ਕੁਝ ਉਹ ਮੰਗ ਰਹੇ ਹਨ ਉਹ ਸੀਐਮਬੀਸੀ ਨੂੰ ਉਨ੍ਹਾਂ ਨੂੰ ਅਦਾ ਕਰਨਾ ਚਾਹੀਦਾ ਹੈ ਪਰ ਆਪਣੇ ਪਾਪਾ ਦੇ ਘਰ ਏਅਰ ਗੱਦੇ 'ਤੇ ਸੌਣ ਪਿੱਛੋਂ ਕੰਮ 'ਤੇ ਜਾਣ ਦੇ ਯੋਗ ਹੋਣਾ ਅਤੇ ਆਪਣੇ ਘਰ ਦਾ ਬਿਨਾਂ ਰਹੇ ਕਿਰਾਇਆ ਦੇਣਾ ਹਾਸੋਹੀਣਾ ਹੈ। 48 ਘੰਟੇ ਦੀ ਹੜਤਾਲ ਨਾਲ ਹਜ਼ਾਰਾਂ ਲੋਕ ਪ੍ਰਭਾਵਤ ਹੋਏ ਹਨ। 3 ਫਰਵਰੀ ਤਕ ਪਟੀਸ਼ਨ 'ਤੇ 4500 ਲੋਕਾਂ ਨੇ ਦਸਤਖ਼ਤ ਕੀਤੇ ਸਨ।

# ਬਹੁਤੇ ਸਰਹੱਦੀ ਏਜੰਸੀ ਅਪਰਾਧਿਕ ਜਾਂਚ ਅਧਿਕਾਰੀਆਂ ਕੋਲ ਮੁੱਢਲੀ ਸਿਖਲਾਈ ਦੀ ਘਾਟ-ਆਡਿਟ ਰਿਪੋਰਟ 'ਚ ਖੁਲਾਸਾ

ਓਟਵਾ-ਕੈਨੇਡਾ ਬਾਰਡਰ ਸਰਵਸਿਜ਼ ਏਜੰਸੀ ਦੀ ਤਾਜ਼ਾ ਜਾਰੀ ਕੀਤੀ ਗਈ ਆਡਿਟ ਰਿਪੋਰਟ ਦਾ ਕਹਿਣਾ ਕਿ ਕੈਨੇਡਾ ਦੀਆਂ ਬੰਦਰਗਾਹਾਂ ਅਤੇ ਸਰਹੱਦਾਂ 'ਤੇ ਅਪਰਾਧਾਂ ਦਾ ਪਤਾ ਲਗਾਉਣ ਲਈ ਜ਼ਿੰਮੇਵਾਰ ਬਹੁਤੇ ਅਪਰਾਧਿਕ ਜਾਂਚ ਅਧਿਕਾਰੀਆਂ ਕੋਲ ਮੁੱਢਲੀ ਸਿਖਲਾਈ ਦੀ ਘਾਟ ਹੈ। ਇਹ ਰਿਪੋਰਟ ਪਿਛਲੇ ਹਫ਼ਤੇ ਸੀਬੀਐਸਏ ਦੀ ਵੈੱਬਸਾਈਟ 'ਤੇ ਪਾਈ ਗਈ ਹੈ ਜਦਕਿ ਸਰਹੱਦੀ ਅਧਿਕਾਰੀ, ਸਿਆਸਤਦਾਨ, ਪੁਲਿਸ ਅਤੇ ਇੰਡਸਟਰੀ ਪ੍ਰਤੀਨਿਧਾਂ ਨੇ ਪਿਛਲੇ ਦੋ ਸਾਲਾਂ ਵਿਚ ਕਾਰ ਚੋਰੀ ਦੀ ਵਧ ਰਹੀਆਂ ਘਟਨਾਵਾਂ ਨਾਲ ਨਜਿੱਠਣ ਲਈ ਯੋਜਨਾ 'ਤੇ ਵਿਚਾਰ ਕਰਨ ਸਬੰਧੀ ਓਟਵਾ ਵਿਚ ਮੀਟਿੰਗ ਕੀਤੀ। ਮੀਟਿੰਗ ਵਿਚ ਜਿਨ੍ਹਾਂ ਮੁੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ ਹੈ ਉਨ੍ਹਾਂ ਵਿਚੋਂ ਇਕ ਮੁੱਦਾ ਸਰਹੱਦੀ ਏਜੰਸੀ ਦੇ ਚੋਰੀ ਕੀਤੀਆਂ ਕਾਰਾਂ ਨੂੰ ਬਾਹਰ ਭੇਜੇ ਜਾਣ ਤੋਂ ਪਹਿਲਾਂ ਫੜਨ ਲਈ ਏਜੰਸੀ ਦੀ ਸਮਰੱਥਾ ਸਬੰਧੀ ਹੋਣ ਸਬੰਧੀ ਸੀ। 2 ਫਰਵਰੀ ਦੀ ਆਡਿਟ ਰਿਪੋਰਟ ਮੁਤਾਬਿਕ ਸੀਬੀਐਸਏ ਨੇ 2016-2017 ਅਤੇ 2020-2021 ਵਿਚਕਾਰ ਦੇ ਵਿੱਤੀ ਸਾਲਾਂ ਵਿਚ ਇਸ ਦੇ ਅਪਰਾਧਿਕ ਜਾਂਚ ਪ੍ਰੋਗਰਾਮ ਦੀ ਪ੍ਰਭਾਵਸ਼ੀਲਤਾ ਦੀ ਸਮੀਖਿਆ ਕੀਤੀ ਗਈ ਹੈ। ਆਡਿਟ ਵਿਚ ਸਿੱਟਾ ਕੱਢਿਆ ਗਿਆ ਕਿ ਬਹੁਤੇ ਜਾਂਚ ਅਧਿਕਾਰੀਆਂ ਨੇ ਕੋਰ ਸਿਖਲਾਈ ਹੀ ਮੁਕੰਮਲ ਨਹੀਂ ਕੀਤੀ ਜਿਸ ਦਾ ਜਾਂਚ ਦੀ ਗੁਣਵੱਤਾ 'ਤੇ ਨਾਕਾਰਤਮਿਕ ਅਸਰ ਪੈ ਸਕਦਾ ਹੈ। ਆਡਿਟ ਦਾ ਕਹਿਣਾ ਕਿ 35 ਮਿਲੀਅਨ ਡਾਲਰ ਦੇ ਕ੍ਰਿਮੀਨਲ ਜਾਂਚ ਪ੍ਰੋਗਰਾਮ ਤਹਿਤ ਕੰਮ ਕਰਦੇ ਕਿਸੇ ਵੀ ਜਾਂਚ ਅਧਿਕਾਰੀ ਨੇ ਲੋੜੀਂਦੇ ਕੋਰਸਾਂ ਦਾ ਪੂਰਾ ਸੈੱਟ ਮੁਕੰਮਲ ਨਹੀਂ ਕੀਤਾ।




# ਕਿੰਗ ਚਾਰਲਸ ਅਤੇ ਕੇਟ ਨੂੰ ਸੰਦੇਸ਼ਾਂ ਲਈ ਪ੍ਰਿੰਸ ਵਿਲੀਅਮ ਨੇ ਲੋਕਾਂ ਦਾ ਕੀਤਾ ਧੰਨਵਾਦ

ਲੰਡਨ-ਪ੍ਰਿੰਸ ਵਿਲੀਅਮ ਆਪਣੇ ਪਿਤਾ ਕਿੰਗ ਚਾਰਲਸ ਤੀਸਰੇ ਨੂੰ ਕੈਂਸਰ ਹੋਣ ਦਾ ਪਤਾ ਲੱਗਣ ਅਤੇ ਉਨ੍ਹਾਂ ਦੀ ਪਤਨੀ ਕੇਟ ਦੇ ਪੇਟ ਦੇ ਆਪਰੇਸ਼ਨ ਲਈ ਹਸਪਤਾਲ ਵਿਚ ਦਾਖਲ ਹੋਣ ਪਿੱਛੋਂ ਪਹਿਲੀ ਵਾਰ ਸ਼ਾਹ ਫਰਜ਼ਾਂ ਲਈ ਵਾਪਸ ਪਰਤੇ ਹਨ। ਪਹਿਲੀ ਵਾਰ ਜਨਤਕ ਤੌਰ 'ਤੇ ਆਪਣੇ ਪਰਿਵਾਰਾਂ ਦੇ ਡਰ ਬਾਰੇ ਬੋਲਦਿਆਂ 41 ਸਾਲਾ ਗੱਦੀ ਦੇ ਵਾਰਸ ਨੇ ਚੈਰਿਟੀ ਗਾਲਾ ਡਿਨਰ 'ਤੇ ਸਹਾਇਤਾ ਵਾਲੇ ਸੰਦੇਸ਼ਾਂ ਲਈ ਜਨਤਾ ਦਾ ਧੰਨਵਾਦ ਕੀਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਵਿੰਡਸਰ ਕੈਸਲ ਵਿਚ ਇਕ ਇਨਵੈਸਟੀਚਰ ਸਮਾਰੋਹ ਕੀਤਾ। ਵਿਲੀਅਮ ਆਪਣੀ ਪਤਨੀ ਕੇਟ ਦੇ ਕਿਸੇ ਅਣਦੱਸੀ ਸਥਿਤੀ ਦੇ ਆਪਰੇਸ਼ਨ ਪਿੱਛੋਂ ਕੇਟ ਅਤੇ ਆਪਣੇ ਤਿੰਨ ਬੱਚਿਆਂ ਦੀ ਦੇਖਭਾਲ ਵਿਚ ਮਦਦ ਲਈ ਪਿਛਲੇ ਮਹੀਨੇ ਦੌਰਾਨ ਜਨਤਕ ਫਰਜ਼ਾਂ ਤੋਂ ਲਾਂਭੇ ਹੋ ਗਿਆ ਸੀ.। ਪ੍ਰਿੰਸ ਆਫ ਵੇਲਜ਼ ਜਿਸ ਨੂੰ ਪਹਿਲਾਂ ਕੇਟ ਮਿਡਲਟਨ ਕਰਕੇ ਜਾਣਿਆਂ ਜਾਂਦਾ ਸੀ ਦੇ ਅਪ੍ਰੈਲ ਤਕ ਜਨਤਕ ਡਿਊਟੀਆਂ ਸੰਭਾਲਣ ਦੀ ਆਸ ਨਹੀਂ। ਇਸ ਹਫ਼ਤੇ ਦੇ ਸ਼ੁਰੂ ਵਿਚ ਚਾਰਲਸ ਨੂੰ ਕੈਂਸਰ ਹੋਣ ਦਾ ਪਤਾ ਲੱਗਣ ਨਾਲ ਸ਼ਾਹੀ ਪਰਿਵਾਰ 'ਤੇ ਜ਼ਿਆਦਾ ਦਬਾਅ ਵਧ ਗਿਆ ਹੈ ਅਤੇ ਕਿੰਗ ਨੇ ਆਪਣੇ ਇਲਾਜ ਅਤੇ ਤੰਦਰੁਸਤੀ 'ਤੇ ਧਿਆਨ ਦੇਣ ਲਈ ਜਨਤਾ ਵਿਚ ਜਾਣਾ ਛੱਡ ਦਿੱਤਾ ਹੈ।

# ਕੌਂਸਲਰ ਦੇ ਟਰਕੀ ਫਾਰਮ ਵਿਚ ਬਰਡ ਫਲੂ ਨਾਲ 18000 ਪੰਛੀਆਂ ਦੀ ਮੌਤ

ਸਰੀ-ਸਿਟੀ ਕੌਂਸਲਰ ਮਾਈਕ ਬੋਸ ਦਾ ਮੇਡੋਮਿਸਟ ਟਰਕੀ ਫਾਰਮ ਬਰਡ ਫਲੂ ਤੋਂ ਪ੍ਰਭਾਵਤ ਹੋ ਗਿਆ ਜਿਸ ਨਾਲ ਲਗਪਗ 18000 ਪੰਛੀਆਂ ਦੀ ਮੌਤ ਹੋ ਗਈ। ਮਾਈਕ ਬੋਸ ਨੇ ਦੱਸਿਆ ਕਿ ਲਾਗ ਦੇ ਲੱਛਣ 16 ਨਵੰਬਰ ਨੂੰ ਦਿਸਣੇ ਸ਼ੁਰੂ ਹੋ ਗਏ ਸਨ ਅਤੇ ਅਗਲੀ ਸਵੇਰ ਸਰਕਾਰ ਨੂੰ ਫਾਰਮ ਦੇ ਨਮੂਨੇ ਭੇਜੇ ਗਏ ਜਿਨ੍ਹਾਂ ਵਿਚ ਪੰਛੀਆਂ ਦੇ ਬਰਡ ਫਲੂ ਤੋਂ ਪ੍ਰਭਾਵਤ ਹੋਣ ਦੀ ਜਾਣਕਾਰੀ ਦਿੱਤੀ ਗਈ। ਸੋਮਵਾਰ ਜਦੋਂ ਉਹ ਫਾਰਮ ਨੂੰ ਦੇਖਣ ਗਏ ਤਾਂ ਸਾਰੇ ਪੰਛੀ ਮਰੇ ਪਏ ਸਨ ਅਤੇ ਇਸੇ ਕਾਰਨ ਉਸੇ ਇਮਾਰਤ ਵਿਚ ਤਿੰਨ ਹਫ਼ਤੇ ਪੁਰਾਣੇ ਝੁੰਡ ਦੇ ਪੰਛੀਆਂ ਨੂੰ ਵੀ ਖਤਮ ਕਰਨਾ ਪਿਆ। ਬੋਸ ਨੇ ਦੱਸਿਆ ਕਿ ਸਾਡੇ 18000 ਪੰਛੀ ਮਰੇ ਹਨ। ਉਨ੍ਹਾਂ ਵਿਚੋਂ ਅੱਧਿਆਂ ਦੀ ਬਿਮਾਰੀ ਨਾਲ ਮੌਤ ਹੋ ਗਈ ਅਤੇ ਅੱਧਿਆਂ ਨੂੰ ਸਾਨੂੰ ਨਸ਼ਟ ਕਰਨਾ ਪਿਆ।








# ਸ. ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਐਵਾਰਡ ਮਹਿੰਦਰ ਸਿੰਘ ਦੁਸਾਂਝ ਨੂੰ ਦੇਣ ਦਾ ਫ਼ੈਸਲਾ

ਸਰੀ (ਹਰਦਮ ਮਾਨ)-ਕੈਨੇਡਾ ਵੱਸਦੇ ਪੰਜਾਬੀ ਸ਼ਾਇਰ ਮੰਗਾ ਸਿੰਘ ਬਾਸੀ ਵੱਲੋਂ ਆਪਣੇ ਪਿਤਾ ਸ. ਪ੍ਰੀਤਮ ਸਿੰਘ ਬਾਸੀ ਦੀ ਯਾਦ ਵਿੱਚ ਸ਼ੁਰੂ ਕੀਤਾ ਗਿਆ 'ਸ. ਪ੍ਰੀਤਮ ਸਿੰਘ ਅੰਤਰ ਰਾਸ਼ਟਰੀ ਸਾਹਿਤਿਕ ਪੁਰਸਕਾਰ' ਇਸ ਸਾਲ ਨਾਮਵਰ ਸਹਿਤਕਾਰ, ਵਿਦਵਾਨ ਅਤੇ ਵੱਖ ਵੱਖ ਖੇਤਰਾਂ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਮਹਿੰਦਰ ਸਿੰਘ ਦੁਸਾਂਝ ਨੂੰ ਦਿੱਤਾ ਜਾਵੇਗਾ। ਇਹ ਫੈਸਲਾ ਬੀਤੇ ਦਿਨ ਇਸ ਅਵਾਰਡ ਲਈ ਸਥਾਪਿਤ ਕੀਤੀ ਗਈ ਕਮੇਟੀ ਵੱਲੋਂ ਕੀਤਾ ਗਿਆ। ਇਸ ਕਮੇਟੀ ਵਿੱਚ ਉੱਘੇ ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਉਸਤਾਦ ਸ਼ਾਇਰ ਨਦੀਮ ਪਰਮਾਰ, ਵਿਸ਼ਵ ਪ੍ਰਸਿੱਧ ਆਰਟਿਸਟ ਜਰਨੈਲ ਸਿੰਘ, ਮੰਗਾ ਸਿੰਘ ਬਾਸੀ, ਅੰਗਰੇਜ਼ ਬਰਾੜ ਅਤੇ ਹਰਦਮ ਸਿੰਘ ਮਾਨ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਇਹ ਅਵਾਰਡ ਹਰ ਸਾਲ ਕਿਸੇ ਨਾਮਵਰ ਪੰਜਾਬੀ ਲੇਖਕ ਵੱਲੋਂ ਪੰਜਾਬੀ ਬੋਲੀ, ਸਾਹਿਤ, ਸਮਾਜ ਤੇ ਸਭਿਆਚਾਰ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਮੁੱਖ ਰੱਖ ਕੇ ਦਿੱਤਾ ਜਾਂਦਾ ਹੈ। ਮਹਿੰਦਰ ਸਿੰਘ ਦੁਸਾਂਝ ਅਜਿਹੀ ਮਾਨਯੋਗ ਸ਼ਖਸ਼ੀਅਤ ਹੈ ਜੋ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਦੇ ਗੂੜ੍ਹ ਗਿਆਤਾ ਹਨ ਅਤੇ ਸਾਹਿਤ ਸਿਰਜਨਾ ਦੇ ਨਾਲ ਨਾਲ ਉਹਨਾਂ ਅਗਾਂਹਵਧੂ ਖੇਤੀ ਕਰਕੇ ਵੀ ਅੰਤਰਰਾਸ਼ਟਰੀ ਪਛਾਣ ਬਣਾਈ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਸ. ਪ੍ਰੀਤਮ ਸਿੰਘ ਅੰਤਰਰਾਸ਼ਟਰੀ ਸਾਹਿਤਕ ਪੁਰਸਕਾਰ ਇਸ ਤੋਂ ਪਹਿਲਾਂ ਸਰਵਣ ਰਾਹੀ, ਨਦੀਮ ਪਰਮਾਰ, ਜਰਨੈਲ ਸਿੰਘ ਸੇਖਾ, ਸੁਖਵਿੰਦਰ ਕੰਬੋਜ, ਹਰਬੀਰ ਸਿੰਘ



ਭੰਵਰ, ਹਰਜੀਤ ਦੌਧਰੀਆ, ਡਾ. ਸਾਧੂ ਸਿੰਘ ਅਤੇ ਡਾ. ਸੁਰਿੰਦਰ ਧੰਜਲ ਨੂੰ ਦਿੱਤਾ ਜਾ ਚੁੱਕਾ ਹੈ। ਸ. ਮਹਿੰਦਰ ਸਿੰਘ ਦੁਸਾਂਝ ਨੂੰ ਦਿੱਤੇ ਜਾ ਰਹੇ ਪੁਰਸਕਾਰ ਵਿੱਚ 51 ਹਜਾਰ ਦੀ ਨਕਦ ਰਾਸ਼ੀ ਤੋਂ ਇਲਾਵਾ ਇੱਕ ਸ਼ਾਲ ਤੇ ਪਲੇਕ ਦਿੱਤੀ ਜਾਵੇਗੀ। ਇਸ ਸੰਬੰਧੀ ਸਮਾਗਮ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਵਿੱਚ ਕੀਤਾ ਜਾਵੇਗਾ ਜਿਸ ਵਿੱਚ ਅਮਰੀਕਾ ਵਸਦੇ ਉੱਘੇ ਪੰਜਾਬੀ ਸ਼ਾਇਰ ਰਵਿੰਦਰ ਸਹਿਰਾਅ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਣਗੇ। ਇਸ ਸਮਾਗਮ ਦੀ ਤਾਰੀਖ ਬਾਰੇ ਜਲਦੀ ਸੂਚਨਾ ਦਿੱਤੀ ਜਾਵੇਗੀ। ਇਸ ਸਬੰਧੀ ਹੋਰ ਜਾਣਕਾਰੀ ਲਈ ਮੰਗਾ ਸਿੰਘ ਬਾਸੀ ਨਾਲ ਫੋਨ ਨੰਬਰ 604-240-1095 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਾਰੋਬਾਰੀਆਂ ਤੋਂ ਫਿਰੌਤੀ ਵਸੂਲੀ ਦੇ ਦੋਸ਼ 'ਚ 5 ਪੰਜਾਬੀ ਗ੍ਰਿਫ਼ਤਾਰ, ਮੁਲਜ਼ਮਾਂ 'ਚ ਦੋ ਮੁਟਿਆਰਾਂ ਸ਼ਾਮਲ

ਟੋਰਾਂਟੋ-ਕੈਨੇਡੀਅਨ ਪੁਲੀਸ ਨੇ ਗ੍ਰੇਟਰ ਟੋਰਾਂਟੋ ਵਿੱਚ ਦੱਖਣੀ ਏਸ਼ਿਆਈ ਕਾਰੋਬਾਰੀਆਂ ਤੋਂ ਧਮਕੀਆਂ ਦੇ ਕੇ ਫਿਰੌਤੀ ਵਸੂਲਣ ਦੇ ਮਾਮਲੇ 'ਚ ਤਿੰਨ ਨੌਜਵਾਨਾਂ ਤੇ ਅਤੇ ਦੋ ਮੁਟਿਆਰਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ 'ਤੇ ਕਰੀਬ ਦੋ ਦਰਜਨ ਦੋਸ਼ ਲਾਏ ਹਨ। ਮੁਲਜ਼ਮਾਂ ਦੀ ਪਛਾਣ 23 ਸਾਲਾ ਗਗਨ ਅਜੀਤ ਸਿੰਘ, 23 ਸਾਲਾ ਅਨਮੋਲਦੀਪ ਸਿੰਘ, 25 ਸਾਲਾ ਹਸ਼ਮੀਤ ਕੌਰ ਅਤੇ 21 ਸਾਲਾ ਲਾਇਮਨਜੋਤ ਕੌਰ ਵਜੋਂ ਹੋਈ ਹੈ। ਇਹ ਸਾਰੇ ਬਰੈਂਪਟਨ ਅਤੇ ਮਿਸੀਸਾਗਾ ਦੇ ਰਹਿਣ ਵਾਲੇ ਹਨ। ਪੰਜਵੇਂ ਮੁਲਜ਼ਮ ਦੀ ਪਛਾਣ 39 ਸਾਲਾ ਅਰੁਣਦੀਪ ਥਿੰਦ ਵਜੋਂ ਹੋਈ ਹੈ।

## ਸੁਪਰੀਮ ਕੋਰਟ ਵੱਲੋਂ ਖਾਲਿਸਤਾਨੀ ਸਮਰਥਕ ਨੂੰ ਜ਼ਮਾਨਤ ਦੇਣ ਤੋਂ ਇਨਕਾਰ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਇੱਕ ਕਥਿਤ ਖਾਲਿਸਤਾਨੀ ਵੱਖਵਾਦੀ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਜੋ ਪਾਬੰਦੀਸ਼ੁਦਾ ਜਥੇਬੰਦੀ ਸਿੱਖਜ਼ ਫਾਰ ਜਸਟਿਸ ਦਾ ਮੈਂਬਰ ਦੱਸਿਆ ਜਾਂਦਾ ਹੈ। ਅਦਾਲਤ ਨੇ ਕਿਹਾ ਕਿ ਰਿਕਾਰਡ 'ਤੇ ਮੌਜੂਦ ਸਮੱਗਰੀ ਮੁੱਢਲੀ ਨਜ਼ਰੇ ਅਤਿਵਾਦੀ ਗਤੀਵਿਧੀ ਦੀ ਤਿਆਰੀ 'ਚ ਉਸ ਦੀ ਸ਼ਮੂਲੀਅਤ ਦਾ ਸੰਕੇਤ ਦਿੰਦੀ ਹੈ। ਜਸਟਿਸ ਐੱਮਐੱਮ ਸੁੰਦਰੇਸ਼ ਅਤੇ ਜਸਟਿਸ ਅਰਵਿੰਦ ਕੁਮਾਰ ਦੇ ਬੈਂਚ ਨੇ ਕੌਮੀ ਜਾਂਚ ਏਜੰਸੀ ਦੀ ਜਾਂਚ ਅਧੀਨ ਯੂਏਪੀਏ ਤਹਿਤ ਦਰਜ ਕੇਸ ਵਿੱਚ ਗੁਰਵਿੰਦਰ ਸਿੰਘ ਉਰਫ ਗੁਰਪ੍ਰੀਤ ਸਿੰਘ ਗੋਪੀ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਵਾਲੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ। ਬੈਂਚ ਨੇ ਕਿਹਾ, 'ਸਾਡਾ ਮੰਨਣਾ ਹੈ ਕਿ ਰਿਕਾਰਡ 'ਤੇ ਮੌਜੂਦ ਸਮੱਗਰੀ ਮੁੱਢਲੀ ਨਜ਼ਰੇ ਸਾਜ਼ਿਸ਼ ਦੇ ਇੱਕ ਹਿੱਸੇ ਵਜੋਂ ਮੁਲਜ਼ਮ ਦੀ ਸ਼ਮੂਲੀਅਤ ਦਾ ਸੰਕੇਤ ਦਿੰਦੀ ਹੈ ਕਿਉਂਕਿ ਉਹ ਜਾਣ-ਬੁੱਝ ਕੇ ਯੂਏਪੀਏ ਦੀ ਧਾਰਾ 18 ਤਹਿਤ ਅਤਿਵਾਦੀ ਗਤੀਵਿਧੀ ਦੀ ਤਿਆਰੀ 'ਚ ਮਦਦ ਕਰ ਰਿਹਾ ਸੀ।' ਇਸ ਮਗਰੋਂ ਅਦਾਲਤ ਨੇ ਗੁਰਵਿੰਦਰ ਸਿੰਘ ਵੱਲੋਂ ਹਾਈ ਕੋਰਟ ਦੇ ਹੁਕਮਾਂ ਖ਼ਿਲਾਫ਼ ਦਾਇਰ ਅਪੀਲ ਰੱਦ ਕਰ ਦਿੱਤੀ।

## ਕਸ਼ਮੀਰ ਵਿੱਚ ਦੋ ਪੰਜਾਬੀਆਂ ਦੀ ਹੱਤਿਆ ਵਿਰੁੱਧ ਰੋਸ ਪ੍ਰਦਰਸ਼ਨ

ਜੰਮੂ-ਸ੍ਰੀਨਗਰ 'ਚ ਅਤਿਵਾਦੀਆਂ ਦੇ ਹਮਲੇ 'ਚ ਮਾਰੇ ਗਏ ਦੋ ਪੰਜਾਬੀ ਵਰਕਰਾਂ ਦੇ ਰੋਸ ਵਜੋਂ ਰਾਸ਼ਟਰੀ ਬਜਰੰਗ ਦਲ (ਆਰਬੀਡੀ) ਵੱਲੋਂ ਇਥੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਤੋਂ ਪਹਿਲਾਂ ਕਈ ਸਿਆਸੀ ਪਾਰਟੀਆਂ ਵੱਲੋਂ ਇਸ ਹਮਲੇ ਦੀ ਜ਼ੋਰਦਾਰ ਨਿੰਦਾ ਕੀਤੀ ਗਈ ਅਤੇ ਇਸ ਘਟਨਾ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ। ਜਥੇਬੰਦੀ ਵੱਲੋਂ ਕਸ਼ਮੀਰ 'ਚ ਘੱਟ ਗਿਣਤੀਆਂ ਦੀ ਸੁਰੱਖਿਆ ਵਧਾਉਣ ਦੀ ਵੀ ਮੰਗ ਕੀਤੀ। ਇਸ ਸਾਲ ਦੇ ਸ਼ੁਰੂ 'ਚ ਘੱਟ ਗਿਣਤੀਆਂ 'ਤੇ ਹਮਲੇ ਦਾ ਇਹ ਪਹਿਲਾ ਮਾਮਲਾ ਹੈ। ਅੰਮ੍ਰਿਤਸਰ ਦੇ ਵਾਸੀ ਅੰਮ੍ਰਿਤਪਾਲ ਸਿੰਘ ਨੂੰ ਅਤਿਵਾਦੀਆਂ ਵੱਲੋਂ ਗੋਲੀ ਮਾਰੀ ਗਈ ਸੀ ਜਿਸ ਦੀ ਥਾਏਂ ਮੌਤ ਹੋ ਗਈ ਸੀ ਜਦੋਂ ਕਿ ਰੋਹਿਤ (25) ਨੂੰ ਜ਼ਖਮੀ ਹਾਲਤ 'ਚ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ ਜਿਸ ਦੀ ਬਾਅਦ 'ਚ ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ। ਬਜਰੰਗ ਦਲ ਨੇ ਇਥੇ ਰਾਕੇਸ਼ ਬਜਰੰਗੀ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਜਥੇਬੰਦੀ ਦੇ ਕਾਰਕੁਨਾਂ ਨੇ ਪਾਕਿਸਤਾਨ ਵਿਰੋਧੀ ਸਲੋਗਨ ਫੜੇ ਹੋਏ ਸਨ ਜੋ ਪਾਕਿਸਤਾਨ ਦੀਆਂ ਅਤਿਵਾਦੀ ਗਤੀਵਿਧੀਆਂ ਵਿਰੁੱਧ ਨਾਅਰੇਬਾਜ਼ੀ ਕਰ ਰਹੇ ਸਨ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਪਾਕਿਸਤਾਨ ਦਾ ਝੰਡਾ ਵੀ ਫੂਕਿਆ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਸੀ ਕਿ ਘਟਨਾ 'ਚ ਇਕ ਸਿੱਖ ਅਤੇ ਇਕ ਹਿੰਦੂ ਦੀ ਹੱਤਿਆ ਕਾਰਨ ਇਲਾਕੇ 'ਚ ਸਹਿਮ ਦਾ ਮਾਹੌਲ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਕੇਸ਼ ਕੁਮਾਰ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਦਾ ਮਕਸਦ ਕਸ਼ਮੀਰ 'ਚ ਗੈਰ ਸਥਾਨਕ ਲੋਕਾਂ 'ਚ ਡਰ ਪੈਦਾ ਕਰਨਾ ਹੈ।






# ਕੌਮਾਂਤਰੀ ਵੀਜਾ ਪਰਮਿਟਾਂ ਵਿਚ ਕਟੌਤੀ...

**ਸੁਖਵਿੰਦਰ ਸਿੰਘ ਚੋਹਲਾ**

ਮਹਿੰਗਾਈ, ਬੈਂਕ ਵਿਆਜ ਦਰਾਂ ਵਿਚ ਵਾਧਾ, ਬੇਰੁਜਗਾਰੀ, ਐਮਰਜੈਂਸੀ ਸਿਹਤ ਸਹੂਲਤਾਂ ਦੀ ਘਾਟ, ਘਰਾਂ ਦੀ ਥੁੜ ਅਤੇ ਅਸਮਾਨ ਚੜੀਆਂ ਕੀਮਤਾਂ ਦੇ ਨਾਲ ਕਈ ਹੋਰ ਸਮੱਸਿਆਵਾਂ ਨਾਲ ਜੂਝ ਰਹੇ ਕੈਨੇਡੀਅਨ ਲੋਕ, ਬਦ ਤੋਂ ਬਦਤਰ ਬਣ ਰਹੇ ਹਾਲਾਤ ਲਈ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਜਿੰਮੇਵਾਰ ਠਹਿਰਾ ਰਹੇ ਹਨ। ਇਹਨਾਂ ਸਮੱਸਿਆਵਾਂ ਦੇ ਨਾਲ ਸਰਕਾਰ ਦੀ ਅਸਾਵੀਂ ਇਮੀਗ੍ਰੇਸ਼ਨ ਨੀਤੀ ਜਿਸ ਤਹਿਤ ਹਰ ਸਾਲ ਲੱਖਾਂ ਕੌਮਾਂਤਰੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕੀਤੇ ਜਾ ਰਹੇ ਹਨ, ਲਈ ਵੀ ਹਾਊਸਿੰਗ ਮਾਰਕੀਟ ਉਪਰ ਦਬਾਅ ਲਈ ਜਿੰਮੇਵਾਰ ਦੱਸਿਆ ਜਾ ਰਿਹਾ ਹੈ। ਪਿਛਲੇ ਦਿਨੀਂ ਇਮੀਗ੍ਰੇਸਨ ਮੰਤਰੀ ਵਲੋਂ ਸਟੱਡੀ ਪਰਮਿਟ ਨੀਤੀ ਵਿਚ ਸੋਧ ਦਾ ਐਲਾਨ ਕਰਦਿਆਂ ਅਗਲੇ ਦੋ ਸਾਲਾਂ ਲਈ ਕੌਮਾਂਤਰੀ ਵਿਦਿਆਰਥੀ ਵੀਜਾ (ਸਟੱਡੀ ਪਰਮਿਟ) ਉਪਰ ਕੈਪ ਲਗਾ ਦਿੱਤਾ ਗਿਆ ਹੈ। ਇਸ ਕੈਪ ਕਾਰਣ ਮੌਜੂਦਾ ਸਟੱਡੀ ਪਰਮਿਟਾਂ ਵਿਚ 35 ਤੋਂ 50 ਫੀਸਦੀ ਤੱਕ ਕਟੌਤੀ ਹੋਵੇਗੀ। ਕਿਹਾ ਗਿਆ ਹੈ ਕਿ ਸਾਲ 2024 ਵਿਚ ਕੁਲ 364,000 ਸਟੱਡੀ ਪਰਮਿਟ ਜਾਰੀ ਹੋਣਗੇ ਜੋ ਕਿ ਸਾਲ 2023 ਨਾਲੋਂ 35 ਪ੍ਰਤੀਸ਼ਤ ਘੱਟ ਹੋਣਗੇ। ਇਕ ਕੈਪ ਦਾ ਵਧੇਰੇ ਅਸਰ ਉਨਟਾਰੀਓ ਤੇ ਬ੍ਰਿਟਿਸ਼ ਕੋਲੰਬੀਆ ਦੇ ਸਕੂਲ- ਕਾਲਜਾਂ ਉਪਰ ਹੋਵੇਗਾ ਜਿਥੇ 50 ਪ੍ਰਤੀਸ਼ਤ ਤੱਕ ਕਟੌਤੀ ਦੀ ਸੰਭਾਵਨਾ ਹੈ। ਇਸਦੇ ਨਾਲ ਹੀ ਇਮੀਗ੍ਰੇਸ਼ਨ ਮੰਤਰਾਲੇ ਵਲੋਂ ਪ੍ਰਾਈਵੇਟ ਸਕੂਲ-ਕਾਲਜਾਂ ਵਿਚ ਕੌਮਾਂਤਰੀ ਵਿਦਿਆਰਥੀ ਦਾਖਲੇ ਉਪਰ ਪੂਰੀ ਤਰਾਂ ਰੋਕ ਲਗਾ ਦਿੱਤੀ ਹੈ। ਜਿਵੇਂ ਪਹਿਲਾਂ ਕਿਸੇ ਵੀ ਪ੍ਰੋਗਰਾਮ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਪੜਾਈ ਖਤਮ ਹੋਣ ਉਪਰੰਤ ਓਪਨ ਵਰਕ ਪਰਮਿਟ ਦਿੱਤਾ ਜਾਂਦਾ ਸੀ, ਉਹ ਸਹੂਲਤ ਵੀ ਕੇਵਲ ਪੇਸ਼ੇਵਰ ਪ੍ਰੋਗਰਾਮਾਂ ਜਾਂ ਮਾਸਟਰ ਡਿਗਰੀ ਕਰਨ ਵਾਲੇ ਵਿਦਿਆਰਥੀਆਂ ਤੱਕ ਹੀ ਸੀਮਤ ਕਰ ਦਿੱਤੀ ਗਈ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਵਲੋਂ ਕੀਤੇ ਗਏ ਇਸ ਨਵੇਂ ਐਲਾਨ ਦਾ ਜਿਥੇ ਕੈਨੇਡੀਅਨ ਲੋਕਾਂ ਨੇ ਸਵਾਗਤ ਕੀਤਾ ਹੈ ਉਥੇ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਦੇ ਪ੍ਰਬੰਧਕਾਂ, ਇਮੀਗ੍ਰੇਸ਼ਨ ਸਲਾਹਕਾਰਾਂ ਤੇ ਵਿਦਿਆਰਥੀ ਵੀਜੇ ਲਈ ਲਾਈਨ ਵਿਚ ਲੱਗੇ ਵਿਦਿਆਰਥੀਆਂ ਤੇ ਮਾਪਿਆਂ ਦੀ ਚਿੰਤਾ ਵਿਚ ਵਾਧਾ ਕੀਤਾ ਹੈ। ਮੁਲਕ ਵਿਚ ਮਹਿੰਗਾਈ ਤੇ ਆਰਥਿਕ ਸੰਕਟ ਨਾਲ ਜੂਝ ਰਹੇ ਲੋਕ ਹੋਰ ਸਮੱਸਿਆਵਾਂ ਦੇ ਨਾਲ ਟਰੂਡੋ ਸਰਕਾਰ ਦੀਆਂ ਇਮੀਗ੍ਰੇਸ਼ਨ ਨੀਤੀਆਂ ਨੂੰ ਵੀ ਨੁਕਸਦਾਰ ਤੇ ਅਸਾਵਾਂ ਦਸਦਿਆਂ ਭਾਰੀ ਆਲੋਚਨਾ ਕਰਦੇ ਆ ਰਹੇ ਹਨ। ਮੁਲਕ ਵਿਚ ਘਰਾਂ ਦੀ ਥੁੜ ਕਾਰਣ ਰਿਹਾਇਸ਼ ਇਕ ਵੱਡੀ ਸਮੱਸਿਆ ਬਣੀ ਹੋਈ ਹੈ। ਪਿਛਲੇ ਦਿਨੀਂ ਹਾਊਸਿੰਗ ਮਨਿਸਟਰ ਨੇ ਇਸ ਸਮੱਸਿਆ ਨੂੰ ਲੈਕੇ ਮੰਨਿਆ ਸੀ ਕਿ ਸਰਕਾਰ ਵਲੋਂ ਪ੍ਰਵਾਸ ਉਪਰ ਨਿਯੰਤਰਣ ਕਰਨਾ ਸਮੇਂ ਦੀ ਵੱਡੀ ਲੋੜ ਹੈ। ਅੰਕੜੇ ਦਸਦੇ ਹਨ ਕਿ ਇਸ ਸਮੇਂ ਮੁਲਕ ਵਿਚ 10 ਲੱਖ ਤੋਂ ਉਪਰ ਕੌਮਾਂਤਰੀ ਵਿਦਿਆਰਥੀ



ਹਨ ਜਿਹਨਾਂ ਲਈ ਕਿਰਾਏ ਉਪਰ ਘਰ ਲੈਣਾ ਵੀ ਇਕ ਵੱਡਾ ਸੰਕਟ ਬਣਿਆ ਹੋਇਆ ਹੈ। ਮਹਾਂਨਗਰਾਂ ਦੇ ਘਰਾਂ ਦੀਆਂ ਬੇਸਮੈਂਟਾਂ ਵਿਦਿਆਰਥੀਆਂ ਨਾਲ ਤੂੜੀਆਂ ਪਈਆਂ ਹਨ। ਓਟਾਵਾ ਵੱਲੋਂ ਵਿਦਿਆਰਥੀ ਪਰਮਿਟਾਂ 'ਤੇ ਦੋ ਸਾਲ ਲਈ ਕੈਪ ਦੀ ਘੋਸ਼ਣਾ ਕਰਨ ਤੋਂ ਬਾਅਦ, ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਅਗਲੇ ਦੋ ਸਾਲਾਂ ਲਈ ਨਵੇਂ ਪੋਸਟ-ਸੈਕੰਡਰੀ ਸੰਸਥਾਵਾਂ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਲਈ ਅਰਜ਼ੀ ਦੇਣ 'ਤੇ ਪਾਬੰਦੀ ਲਗਾ ਰਹੀ ਹੈ। ਬੀਸੀ ਦੀ ਪੋਸਟ ਸੈਕੰਡਰੀ ਸਿੱਖਿਆ ਮੰਤਰੀ ਸੇਲੀਨਾ ਰੋਬਿਨਸਨ ਦਾ ਕਹਿਣਾ ਹੈ ਕਿ ਅਜਿਹਾ ਇਸ ਖੇਤਰ ਵਿਚ ਵਿਦਿਆਰਥੀਆਂ ਦੇ ਸੋਸ਼ਣ ਨੂੰ ਖਤਮ ਕਰਨ ਦੇ ਉਦੇਸ਼ ਨਾਲ ਕੀਤਾ ਜਾ ਰਿਹਾ ਹੈ੍ਹ ਸੂਬਾ ਨਿੱਜੀ ਸੰਸਥਾਵਾਂ ਵਿਚ ਘੱਟੋ ਘੱਟ ਭਾਸ਼ਾ ਲੋੜਾਂ ਨੂੰ ਵੀ ਤੈਅ ਕਰ ਰਿਹਾ ਹੈ ਤਾਂ ਜੋ ਅੰਤਰਰਾਸ਼ਟਰੀ ਵਿਦਿਆਰਥੀ ਬੀ ਸੀ ਵਿਚ ਦਾਖਲ ਹੋਣ ਤੋਂ ਪਹਿਲਾਂ ਬਿਹਤਰ ਢੰਗ ਨਾਲ ਤਿਆਰ ਹੋ ਸਕਣ। ਨਿੱਜੀ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਟਿਊਸ਼ਨ ਫੀਸਾਂ ਲਈ ਵੀ ਪਾਰਦਰਸ਼ੀ ਹੋਣਾ ਪਵੇਗਾ ਅਤੇ ਇਹ ਸਾਬਤ ਕਰਨ ਪਵੇਗਾ ਕਿ ਨਵੇਂ ਪ੍ਰੋਗਰਾਮ ਮਾਰਕੀਟ ਦੀ ਮੰਗ ਤੇ ਪੂਰਾ ਉਤਰਦੇ ਹਨ ਜਾਂ ਨਹੀਂ। ਫੈਡਰਲ ਸਰਕਾਰ ਨੇ ਬੀ.ਸੀ ਨੂੰ 2024 ਵਿੱਚ 83,000 ਸਟੱਡੀ ਅਰਜ਼ੀਆਂ ਦੀ ਅਲਾਟਮੈਂਟ ਕੀਤੀ ਸੀ। ਪਰ ਹੁਣ ਨਵੇਂ ਐਲਾਨ ਮੁਤਾਬਿਕ ਬੀ ਸੀ ਦੀਆਂ ਪੋਸਟ ਸੈਕੰਡਰੀ ਸੰਸਥਾਵਾਂ ਲਈ ਕੇਵਲ 50,000 ਸਟੱਡੀ ਪਰਮਿਟ ਹੀ ਪ੍ਰਵਾਨ ਹੋ ਸਕਣਗੇ। ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੂੰ ਇਸ ਸਾਲ ਪ੍ਰਾਂਤ ਵਿੱਚ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੱਡੀ ਕਟੌਤੀ ਬਾਰੇ ਪ੍ਰੀਮੀਅਰ ਡੇਵਿਡ ਈਬੀ ਦਾ ਕਹਿਣਾ ਹੈ ਕਿ ਉਹ ਲੇਬਰ ਮਾਰਕੀਟ ਦੀਆਂ ਲੋੜਾਂ ਨੂੰ ਲੈਕੇ ਚਿੰਤਤ ਹਨ। ਵਧੀਆ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਕੈਨੇਡਾ ਵੱਲ ਆਕਰਸ਼ਿਤ ਕਰਨ 'ਤੇ ਧਿਆਨ ਦੇਣ ਦੀ ਬਜਾਏ, ਬੀ.ਸੀ. ਸਰਕਾਰ ਲੰਬੇ ਸਮੇਂ ਦੀ ਦੇਖਭਾਲ ਦੀਆਂ ਸਹੂਲਤਾਂ ਅਤੇ ਡੇ-ਕੇਅਰਜ਼ ਲਈ ਨਵੇਂ ਕਾਮਿਆਂ ਦੀ ਸਪਲਾਈ ਨੂੰ ਸੁਰੱਖਿਅਤ ਕਰਨ ਲਈ ਚਿੰਤਤ ਹੈ। ਸੂਬੇ ਨੂੰ ਹੁਨਰਮੰਦ ਕਾਮਿਆਂ ਤੇ ਟਰੱਕ ਡਰਾਈਵਰਾਂ ਦੀ ਵੱਡੀ ਲੋੜ ਹੈ। ਬੀ ਸੀ ਵਿੱਚ ਇਸ ਸਮੇਂ 150 ਤੋਂ ਵੱਧ ਦੇਸ਼ਾਂ ਦੇ 175,000 ਅੰਤਰਰਾਸ਼ਟਰੀ ਪੋਸਟ-ਸੈਕੰਡਰੀ ਵਿਦਿਆਰਥੀਆਂ ਵਿੱਚੋਂ, ਲਗਭਗ 54 ਪ੍ਰਤੀਸ਼ਤ ਵਿਦਿਆਰਥੀ ਪ੍ਰਾਈਵੇਟ ਸੰਸਥਾਵਾਂ ਵਿੱਚ ਦਾਖਲ ਹਨ। ਕੈਪ ਕਾਰਣ ਜਿਥੇ ਸਿੱਖਿਆ ਸੰਸਥਾਵਾਂ ਨੂੰ ਭਾਰੀ ਨੁਕਸਾਨ ਅਤੇ ਆਰਥਿਕ ਸੰਕਟ ਨਾਲ ਜੂਝਣਾ ਪੈ ਸਕਦਾ ਹੈ ਉਥੇ ਸਰਕਾਰ ਨੂੰ ਵੀ ਆਰਥਿਕ ਬੋਝ ਝੱਲਣਾ ਪਵੇਗਾ। ਇਸ ਸਮੇਂ ਕੈਨੇਡੀਅਨ ਵਿਦਿਆਰਥੀਆਂ ਦੀ ਟਿਊਸ਼ਨ ਫੀਸ ਤੋਂ ਕੌਮਾਂਤਰੀ ਵਿਦਿਆਰਥੀ ਚਾਰ-ਪੰਜ ਗੁਣਾ ਵਧੇਰੇ ਟਿਊਸ਼ਨ ਫੀਸਾਂ ਭਰ ਰਹੇ ਹਨ। ਬ੍ਰਿਟਿਸ਼ ਕੋਲੰਬੀਆ ਵਿਚ ਸਾਲਾਨਾ ਘਰੇਲੂ ਟਿਊਸ਼ਨ ਫੀਸ ਦੇ ਵਾਧੇ 'ਤੇ 2-ਪ੍ਰਤੀਸ਼ਤ ਕੈਪ ਹੈ, ਪਰ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਅਜਿਹੀ ਕੋਈ ਕੈਪ ਮੌਜੂਦ ਨਹੀਂ ਹੈ। ਸੂਬੇ ਵਿੱਚ ਸਲਾਨਾ ਟਿਊਸ਼ਨ ਦਰਾਂ ਕੈਨੇਡੀਅਨ ਵਿਦਿਆਰਥੀਆਂ ਲਈ ਔਸਤਨ £6,919 ਹਨ ਜਦੋਂਕਿ ਅੰਤਰਰਾਸ਼ਟਰੀ ਵਿਦਿਆਰਥੀ ਔਸਤਨ £30,480 ਦਾ ਭੁਗਤਾਨ ਕਰਦੇ ਹਨ। ਕੌਮਾਂਤਰੀ ਵਿਦਿਆਰਥੀਆਂ ਦੀਆਂ ਭਾਰੀ ਫੀਸਾਂ ਕਾਰਣ ਘਰੇਲੂ ਵਿਦਿਆਰਥੀਆਂ ਲਈ ਟਿਊਸ਼ਨ ਫੀਸਾਂ ਵਿੱਚ ਵਾਧਾ ਕੀਤੇ ਬਿਨਾਂ ਪੋਸਟ-ਸੈਕੰਡਰੀ ਸਿੱਖਿਆ ਵਿੱਚ ਜਨਤਕ ਖਰਚਿਆਂ 'ਤੇ ਅਸਰ ਨਹੀ ਪੈ ਰਿਹਾ। ਫੀਸਾਂ ਦੇ ਮਾਮਲੇ ਵਿਚ ਜੇਕਰ ਸੂਬੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸ਼ੋਸ਼ਣ ਕਰਨ ਦੇ ਦੋਸ਼ੀ ਹਨ, ਤਾਂ ਫੈਡਰਲ ਸਰਕਾਰ ਨੂੰ ਵੀ ਕੌਮਾਂਤਰੀ ਵਿਦਿਆਰਥੀਆਂ ਦੇ ਇਸ ਸੋਸ਼ਨ ਦੀ ਜਿੰਮੇਵਾਰੀ ਲੈਣੀ ਹੋਵੇਗੀ। ਕੌਮਾਂਤਰੀ ਵਿਦਿਆਰਥੀ ਦੀਆਂ ਭਾਰੀ ਫੀਸਾਂ ਦਾ ਬੋਝ ਹਲਕਾ ਕਰਨ ਤਹਿਤ ਹੀ ਸਰਕਾਰ ਨੇ 2022 ਵਿਚ ਕੌਮਾਂਤਰੀ ਵਿਦਿਆਰਥੀਆਂ ਨੂੰ ਕੰਮ ਦੇ ਘੰਟਿਆਂ ( 20 ਘੰਟਿਆਂ ਤੋਂ ਜਿਆਦਾ) ਵਿਚ ਵਾਧੇ ਦੀ ਇਜਾਜਤ ਦਿੱਤੀ ਸੀ। ਸਰਕਾਰ ਦੇ ਇਸ ਫੈਸਲੇ ਨਾਲ ਦੁਨੀਆ ਭਰ ਵਿਚ ਕੌਮਾਂਤਰੀ ਵਿਦਿਆਰਥੀਆਂ ਲਈ ਇੱਕ ਮਨਚਾਹੀ ਮੰਜ਼ਿਲ ਵਜੋਂ ਕੈਨੇਡਾ ਦੀ ਸਾਖ ਨੂੰ ਨੁਕਸਾਨ ਪਹੁੰਚਿਆ ਹੈ। ਨਵੇਂ ਸੈਸ਼ਨ ਵਿਚ ਸਟੱਡੀ ਪਰਮਿਟਾਂ ਦੀ ਉਡੀਕ ਕਰ ਰਹੇ ਹਜ਼ਾਰਾਂ ਸੰਭਾਵੀ ਵਿਦਿਆਰਥੀ ਪ੍ਰੇਸ਼ਾਨੀ ਵਿਚ ਹਨ ਜਦੋਂ ਕਿ ਸੂਬੇ ਆਪਣੀ ਮਾਰਕੀਟ ਹਿੱਸੇਦਾਰੀ ਬਾਰੇ ਬਹਿਸ ਕਰ ਰਹੇ ਹਨ। ਕੁਝ ਮਾਹਿਰਾਂ ਦਾ ਖਿਆਲ ਹੈ ਕਿ ਅਸਾਵੀਂ ਇਮੀਗ੍ਰੇਸ਼ਨ ਨੀਤੀ ਅਤੇ ਪ੍ਰਾਈਵੇਟ ਸੰਸਥਾਵਾਂ ਦੇ ਸੋਸ਼ਨ ਕਾਰਨ ਜਿਵੇਂ ਦਾ ਮਾਹੌਲ ਵਿਗੜਿਆ ਪਿਆ ਹੈ, ਉਸ ਵਿਚ ਸੁਧਾਰ ਲਈ ਇਹ ਕਦਮ ਉਠਾਉਣਾ ਲਾਜ਼ਮੀ ਸੀ। ਹਾਲ ਦੀ ਘੜੀ ਦੋ ਸਾਲ ਦਾ ਕੈਪ ਹੈ ਪਰ ਇਹ ਕੈਪ ਵਧਾਇਆ ਵੀ ਜਾ ਸਕਦਾ ਹੈ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਕਿਸਾਨੀ ਮੰਗਾਂ ਦੇ ਹੱਲ ਲਈ ਚਾਰ ਮੈਂਬਰੀ ਉੱਚ ਤਾਕਤੀ ਕਮੇਟੀ ਬਣਾਉਣ ਦਾ ਐਲਾਨ

## ਤਿੰਨ ਕੇਂਦਰੀ ਮੰਤਰੀਆਂ ਦੀ ਟੀਮ ਨੇ ਕਿਸਾਨਾਂ ਨਾਲ ਮੀਟਿੰਗ 'ਚ ਬਹੁਤੀਆਂ ਮੰਗਾਂ ਬਾਰੇ ਜਤਾਈ ਸਹਿਮਤੀ-ਕਿਸਾਨ ਯੂਨੀਅਨ ਦਿੱਲੀ ਜਾਣ ਲਈ ਬਜ਼ਿਦ



ਚੰਡੀਗੜ੍ਹ-ਕੇਂਦਰੀ ਵਜ਼ੀਰਾਂ ਦੀ ਤਿੰਨ ਮੈਂਬਰੀ ਟੀਮ ਨੇ ਅੱਜ ਪਹਿਲੇ ਗੇੜ 'ਚ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਵਫਦ ਨਾਲ ਸੁਖਾਵੇਂ ਮਾਹੌਲ ਵਿਚ ਦੇਰ ਸ਼ਾਮ ਕਰੀਬ ਦੋ ਘੰਟੇ ਮੀਟਿੰਗ ਕੀਤੀ ਤਾਂ ਜੋ ਇਨ੍ਹਾਂ ਕਿਸਾਨ ਧਿਰਾਂ ਵੱਲੋਂ ਸਾਂਝੇ ਤੌਰ 'ਤੇ ਐਲਾਨੇ 13 ਫਰਵਰੀ ਦੇ 'ਦਿੱਲੀ ਚੱਲੋ' ਅੰਦੋਲਨ ਨੂੰ ਸ਼ੁਰੂਆਤੀ ਪੜਾਅ 'ਤੇ ਹੀ ਠੱਲ ਪਾਈ ਜਾ ਸਕੇ। ਬੇਸ਼ੱਕ ਮੀਟਿੰਗ ਦੌਰਾਨ ਬਹੁਤੀਆਂ ਮੰਗਾਂ 'ਤੇ ਸਹਿਮਤੀ ਬਣ ਗਈ ਹੈ, ਪਰ ਉਪਰੋਕਤ ਧਿਰਾਂ ਨੇ ਮੀਟਿੰਗ ਮਗਰੋਂ ਸਪਸ਼ਟ ਕਰ ਦਿੱਤਾ ਹੈ ਕਿ 'ਦਿੱਲੀ ਚੱਲੋ' ਅੰਦੋਲਨ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ ਅਤੇ ਅੰਦੋਲਨ ਜਾਰੀ ਰਹੇਗਾ। ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਿੱਲੀ ਵਿਚ ਕਿਸਾਨਾਂ ਦੇ ਲੱਗਣ ਵਾਲੇ ਮੋਰਚੇ ਨੂੰ ਟਾਲਣ ਵਾਸਤੇ ਕੇਂਦਰੀ ਖਪਤਕਾਰ ਮਾਮਲੇ, ਖ਼ੁਰਾਕ ਅਤੇ ਜਨਤਕ ਵੰਡ ਮੰਤਰੀ ਪਿਊਸ਼ ਗੋਇਲ, ਕੇਂਦਰੀ ਖੇਤੀਬਾੜੀ ਰਾਜ ਮੰਤਰੀ ਅਰਜੁਨ ਮੁੰਡਾ ਅਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਨਿੱਤਿਆ ਨੰਦ ਰਾਇ ਨੇ ਕਿਸਾਨ ਨੇਤਾਵਾਂ ਨਾਲ 13 ਨੁਕਤਿਆਂ ਵਾਲੇ ਮੰਗ ਚਾਰਟਰ 'ਤੇ ਵਿਸਥਾਰਤ ਚਰਚਾ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਟੀਮ ਨਾਲ ਮਿਲਣੀ ਤੋਂ ਪਹਿਲਾਂ ਕਿਸਾਨ ਆਗੂਆਂ ਨਾਲ ਵੱਖਰੇ ਤੌਰ 'ਤੇ ਮੀਟਿੰਗ ਕੀਤੀ ਅਤੇ ਮੁੱਖ ਮੰਤਰੀ ਨੇ ਸਾਲਸ ਦੀ ਭੂਮਿਕਾ ਨਿਭਾਈ। ਕੇਂਦਰੀ ਵਜ਼ੀਰਾਂ ਦੀ ਮੀਟਿੰਗ ਵਿਚ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਅਤੇ ਸਵਰਨ ਸਿੰਘ ਪੰਧੇਰ ਨੇ ਵਫਦ ਦੀ ਅਗਵਾਈ ਕੀਤੀ। ਮੀਟਿੰਗ ਵਿਚ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੇ ਮੁੱਦੇ ਉੱਤੇ ਫੋਕਸ ਰਿਹਾ। ਅਹਿਮ ਸੂਤਰਾਂ ਅਨੁਸਾਰ ਕੇਂਦਰੀ ਟੀਮ ਨੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਸਮੇਤ ਕਿਸਾਨੀ ਮੰਗਾਂ 'ਤੇ ਅੱਜ ਦੀ ਮੀਟਿੰਗ ਵਿਚ ਚਾਰ ਮੈਂਬਰੀ ਉੱਚ ਤਾਕਤੀ ਕਮੇਟੀ ਬਣਾਉਣ ਦਾ ਐਲਾਨ ਕੀਤਾ, ਜਿਸ ਵਿਚ ਪਾਵਰ ਵਿਭਾਗ, ਗ੍ਰਹਿ ਵਿਭਾਗ, ਖੇਤੀ ਵਿਭਾਗ ਅਤੇ ਖ਼ੁਰਾਕ ਤੇ ਸਪਲਾਈ ਵਿਭਾਗ ਦੇ ਕੇਂਦਰੀ ਸਕੱਤਰ ਸ਼ਾਮਲ ਹੋਣਗੇ। ਇਸ ਕਮੇਟੀ ਬਾਰੇ ਭਲਕੇ ਨੋਟੀਫਿਕੇਸ਼ਨ ਜਾਰੀ ਹੋਣ ਦੀ ਆਸ ਹੈ। ਨਵੀਂ ਕਮੇਟੀ ਦੀ ਪਲੇਠੀ ਮੀਟਿੰਗ 12 ਫਰਵਰੀ ਨੂੰ ਨਵੀਂ ਦਿੱਲੀ ਵਿੱਚ ਹੋਵੇਗੀ ਜਿਸ ਵਿਚ ਸ਼ਮੂਲੀਅਤ ਵਾਸਤੇ ਕਿਸਾਨ ਆਗੂਆਂ ਨੂੰ ਸੱਦਾ ਦਿੱਤਾ ਗਿਆ ਹੈ। ਇਸ ਕਮੇਟੀ ਵੱਲੋਂ ਫਸਲਾਂ ਦੇ ਸਰਕਾਰੀ ਭਾਅ ਦੀ ਗਾਰੰਟੀ ਦੇਣ 'ਤੇ ਵੀ ਚਰਚਾ ਕੀਤੀ ਜਾਵੇਗੀ। ਕੇਂਦਰੀ ਟੀਮ ਨੇ ਦੱਖਣ ਦੇ ਕਿਸਾਨਾਂ ਲਈ ਬਣਾਏ ਹਲਦੀ ਬੋਰਡ ਤੋਂ ਜਾਣੂ ਕਰਾਇਆ। ਸੂਤਰਾਂ ਅਨੁਸਾਰ ਕੇਂਦਰੀ ਟੀਮ ਨੇ ਲਖੀਮਪੁਰ ਖੀਰੀ ਦੇ ਜ਼ਖ਼ਮੀਆਂ ਨੂੰ 10-10 ਲੱਖ ਦੀ ਮਦਦ ਦੇਣ ਵਾਸਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨਾਲ ਜਲਦ ਗੱਲਬਾਤ ਕਰਨ ਦਾ ਭਰੋਸਾ ਦਿੱਤਾ। ਸਾਲ 2020 ਵਿਚ ਚੱਲੇ ਕਿਸਾਨ ਅੰਦੋਲਨ ਦੌਰਾਨ ਦਰਜ ਕੇਸਾਂ 'ਤੇ ਚਰਚਾ ਕਰਦਿਆਂ ਕੇਂਦਰੀ ਟੀਮ ਨੇ ਦੱਸਿਆ ਕਿ ਅੰਦੋਲਨ ਦੌਰਾਨ ਸਮੁੱਚੇ ਦੇਸ਼ ਵਿਚ 3400 ਕੇਸ ਦਰਜ ਹੋਏ ਸਨ ਜਿਨ੍ਹਾਂ 'ਚੋਂ ਤਿੰਨ ਹਜ਼ਾਰ ਕੇਸਾਂ ਦੀ ਵਾਪਸੀ ਲਈ ਪ੍ਰਕਿਰਿਆ ਅਦਾਲਤਾਂ ਵਿਚ ਜਾਰੀ ਹੈ। ਅੱਜ ਦੀ ਮੀਟਿੰਗ ਵਿਚ ਸਭ ਧਿਰਾਂ ਸੰਤੁਸ਼ਟ ਨਜ਼ਰ ਆਈਆਂ ਪਰ ਅੰਦੋਲਨ ਦੀ ਤਲਵਾਰ ਹਾਲੇ ਲਟਕ ਹੀ ਰਹੀ ਹੈ। ਮੀਟਿੰਗ ਵਿਚ ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ, ਡੀਜੀਪੀ ਗੌਰਵ ਯਾਦਵ, ਏਡੀਜੀਪੀ ਜਸਕਰਨ ਸਿੰਘ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਵੀ.ਕੇ.ਸਿੰਘ, ਪ੍ਰਮੁੱਖ ਸਕੱਤਰ ਤੇਜਵੀਰ ਸਿੰਘ ਤੇ ਕ੍ਰਿਸ਼ਨ ਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਸ਼ਾਮਲ ਸਨ। ਮੀਟਿੰਗ ਰਾਤ 9.30 ਵਜੇ ਖਤਮ ਹੋਈ ਅਤੇ ਮੀਟਿੰਗ ਤੋਂ ਫੌਰੀ ਬਾਅਦ ਕੇਂਦਰੀ ਵਜ਼ੀਰ ਰਵਾਨਾ ਹੋ ਗਏ। ਸਾਲ 2020 ਵਿਚ ਕਿਸਾਨਾਂ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਹੋਏ ਅੰਦੋਲਨ ਤੋਂ ਸਬਕ ਲੈਂਦਿਆਂ ਕੇਂਦਰ ਸਰਕਾਰ ਹੁਣ ਮੁੱਢਲੇ ਪੜਾਅ 'ਤੇ ਹੀ ਠੀਕ ਰੌਂਅ ਵਿਚ ਜਾਪਦੀ ਹੈ। ਪੁਰਾਣੇ ਅੰਦੋਲਨ ਵਿਚ ਜਿਹੜੀ ਗੱਲਬਾਤ ਕਿਸਾਨਾਂ ਨਾਲ ਬੜੀ ਦੇਰ ਬਾਅਦ ਸ਼ੁਰੂ ਕੀਤੀ ਸੀ, ਉਹ ਹੁਣ ਮੁੱਢਲੇ ਪੜਾਅ 'ਤੇ ਹੀ ਸ਼ੁਰੂ ਕਰ ਦਿੱਤੀ ਹੈ। ਐਤਕੀਂ 'ਦਿੱਲੀ ਚੱਲੋ' ਅੰਦੋਲਨ ਦਾ ਸੱਦਾ ਸੰਯੁਕਤ ਕਿਸਾਨ ਮੋਰਚੇ ਦਾ ਨਹੀਂ ਬਲਕਿ ਨਵੀਆਂ ਧਿਰਾਂ ਦਾ ਹੈ। ਕਿਸਾਨਾਂ ਨੇ ਅੰਬਾਲਾ-ਸ਼ੰਭੂ ਸਰਹੱਦ, ਖਨੌਰੀ-ਜੀਂਦ ਅਤੇ ਡੱਬਵਾਲੀ ਸਰਹੱਦ ਤੋਂ ਦਿੱਲੀ ਜਾਣ ਦੀ ਯੋਜਨਾ ਵਿਉਂਤੀ ਹੋਈ ਹੈ। ਇਸੇ ਦੌਰਾਨ ਹਰਿਆਣਾ ਪੁਲੀਸ ਨੇ 13 ਫਰਵਰੀ ਦੇ 'ਦਿੱਲੀ ਚੱਲੋ' ਅੰਦੋਲਨ ਦੇ ਰਾਹ ਰੋਕਣ ਲਈ ਦਿਨ ਰਾਤ ਦੀ ਤਿਆਰੀ ਵੀ ਵਿੱਢੀ ਹੋਈ ਹੈ। ਹਰਿਆਣਾ ਪੁਲੀਸ ਨੇ ਦਿੱਲੀ ਵੱਲ ਮਾਰਚ ਕਰਨ ਤੋਂ ਰੋਕਣ ਲਈ ਅੰਬਾਲਾ ਦੇ ਸ਼ੰਭੂ ਬਾਰਡਰ 'ਤੇ ਪਹਿਲਾਂ ਹੀ ਕੰਕਰੀਟ ਦੇ ਬਲਾਕ, ਕੰਡਿਆਲੀ ਤਾਰ, ਰੇਤ ਦੇ ਬੋਰੇ, ਬੈਰੀਕੇਡ ਅਤੇ ਹੋਰ ਵਸਤਾਂ ਦਾ ਭੰਡਾਰ ਇਕੱਠਾ ਕਰ ਲਿਆ ਹੈ।


ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਸਪੇਨ ਦੇ ਹਜ਼ਾਰਾਂ ਕਿਸਾਨਾਂ ਵੱਲੋਂ ਟਰੈਕਟਰ ਰੈਲੀ




ਮੈਡਰਿਡ-ਸਪੇਨ ਵਿੱਚ ਹਜ਼ਾਰਾਂ ਕਿਸਾਨਾਂ ਨੇ ਬੁੱਧਵਾਰ ਨੂੰ ਦੇਸ਼ ਭਰ ਵਿੱਚ ਟਰੈਕਟਰ ਪ੍ਰਦਰਸ਼ਨਾਂ ਦੇ ਦੂਜੇ ਦਿਨ ਹਾਈਵੇਅ ਜਾਮ ਕੀਤੇ। ਇਨ੍ਹਾਂ ਪ੍ਰਦਰਸ਼ਨਾਂ ਦਾ ਮੁੱਖ ਮਕਸਦ ਯੂਰਪੀਅਨ ਯੂਨੀਅਨ ਦੀਆਂ ਖੇਤੀ ਨੀਤੀਆਂ ਵਿੱਚ ਬਦਲਾਅ ਦੀ ਮੰਗ ਅਤੇ ਉਤਪਾਦਨ ਲਾਗਤ ਵਿੱਚ ਵਾਧੇ ਅਤੇ ਗੰਭੀਰ ਸੋਕੇ ਦੇ ਟਾਕਰੇ ਲਈ ਸਰਕਾਰ ਨੂੰ ਜਗਾਉਣਾ ਸੀ। ਪ੍ਰਦਰਸ਼ਨਾਂ ਕਾਰਨ ਕਈ ਮੁੱਖ ਰਾਸ਼ਟਰੀ ਰਾਜ ਮਾਰਗਾਂ ਨੂੰ ਜਾਮ ਕਰ ਦਿੱਤਾ ਗਿਆ। ਸਰਕਾਰੀ ਸਮਾਚਾਰ ਏਜੰਸੀ ਈਫੇ ਨੇ ਕਿਹਾ ਕਿ ਇਕ ਹਜ਼ਾਰ ਟਰੈਕਟਰ ਹੌਲੀ-ਹੌਲੀ ਬਾਰਸੀਲੋਨਾ ਦੇ ਸ਼ਹਿਰ ਦੇ ਕੇਂਦਰ ਵੱਲ ਜਾ ਰਹੇ ਸਨ ਜਿਸ ਕਾਰਨ ਸਪੇਨ ਦੇ ਕੈਟਾਲੋਨੀਆ ਖੇਤਰ ਦੀ ਉੱਤਰ-ਪੂਰਬੀ ਬੰਦਰਗਾਹ ਦੀ ਰਾਜਧਾਨੀ ਦੀਆਂ ਸੜਕਾਂ 'ਤੇ ਵੱਡਾ ਟਰੈਫਿਕ ਜਾਮ ਹੋ ਗਿਆ। ਹਜ਼ਾਰਾਂ ਲੋਕਾਂ ਦੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ 'ਚ ਸਪੇਨ ਦੀਆਂ ਤਿੰਨ ਮੁੱਖ ਕਿਸਾਨ ਜਥੇਬੰਦੀਆਂ ਵੱਲੋਂ ਸਮਰਥਨ ਨਹੀਂ ਦਿੱਤਾ ਗਿਆ। ਉਨ੍ਹਾਂ ਨੇ ਆਉਣ ਵਾਲੇ ਦਿਨਾਂ ਵਿੱਚ ਵੱਖਰੇ ਤੌਰ 'ਤੇ ਵਿਰੋਧ ਪ੍ਰਦਰਸ਼ਨਾਂ ਦਾ ਸੱਦਾ ਦਿੱਤਾ ਹੈ। ਬੁੱਧਵਾਰ ਨੂੰ ਸਪੇਨ ਦੀ ਸੰਸਦ ਵਿੱਚ ਬੋਲਦਿਆਂ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਕਿਸਾਨਾਂ ਦੀ ਮਦਦ ਕਰਨ ਅਤੇ ਉਨ੍ਹਾਂ ਦੇ ਕੇਸ ਨੂੰ ਯੂਰਪ ਲਿਜਾਣ ਦਾ ਵਾਅਦਾ ਕੀਤਾ ਸੀ। ਖੇਤੀਬਾੜੀ ਮੰਤਰਾਲੇ ਨੇ 1,40,000 ਕਿਸਾਨਾਂ ਨੂੰ ਸਪੇਨ ਦੇ ਗੰਭੀਰ ਸੋਕੇ ਅਤੇ ਯੂਕਰੇਨ ਦੇ ਖਿਲਾਫ ਰੂਸ ਦੀ ਜੰਗ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਲਈ ਮੁਆਵਜ਼ਾ ਦੇਣ ਲਈ ਲਗਪਗ 270 ਮਿਲੀਅਨ ਯੂਰੋ ਦੀ ਸਹਾਇਤਾ ਦਾ ਐਲਾਨ ਕੀਤਾ ਹੋਇਆ ਹੈ। ਖੇਤੀਬਾੜੀ ਮੰਤਰੀ ਲੁਈਸ ਪਲਾਨਾਸ ਪੁਚਾਡੇਸ ਨੇ ਸ਼ੁੱਕਰਵਾਰ ਨੂੰ ਕਿਸਾਨ ਯੂਨੀਅਨਾਂ ਨਾਲ ਮੁਲਾਕਾਤ ਕੀਤੀ ਪਰ ਉਨ੍ਹਾਂ ਨੂੰ ਵਿਰੋਧ ਪ੍ਰਦਰਸ਼ਨ ਨੂੰ ਰੋਕਣ ਲਈ ਮਨਾਉਣ ਵਿੱਚ ਅਸਫਲ ਰਹੇ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਐਕਟ 'ਚ ਸੋਧ ਦਾ ਵਿਰੋਧ

ਅੰਮ੍ਰਿਤਸਰ-ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ 'ਚ ਤਬਦੀਲੀ ਕਰਦਿਆਂ ਬੋਰਡ 'ਚ ਸਰਕਾਰ ਵੱਲੋਂ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਤੇ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਗਿਣਤੀ ਘਟਾਉਣ ਦੇ ਫ਼ੈਸਲੇ ਦਾ ਸਿੱਖ ਸੰਸਥਾਵਾਂ ਸ੍ਰੀ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਨੇ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਪੱਤਰ ਲਿਖ ਕੇ ਇਸ 'ਤੇ ਸਖ਼ਤ ਇਤਰਾਜ਼ ਜਤਾਇਆ ਅਤੇ ਇਸ ਸਬੰਧੀ ਮੁਲਾਕਾਤ ਲਈ ਸਮਾਂ ਮੰਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਐਕਟ 1956 ਵਿੱਚ ਮਹਾਰਾਸ਼ਟਰ ਦੀ ਮੌਜੂਦਾ ਸਰਕਾਰ ਵੱਲੋਂ ਕੀਤੀ ਸੋਧ ਨੇ ਬੋਰਡ ਦੇ ਕੁੱਲ 17 ਮੈਂਬਰਾਂ 'ਚੋਂ 12 ਮੈਂਬਰਾਂ ਨੂੰ ਸਿੱਧੇ ਤੌਰ 'ਤੇ ਨਾਮਜ਼ਦ ਕਰਨ ਦਾ ਰਾਹ ਖੋਲ੍ਹ ਦਿੱਤਾ ਹੈ। ਇਸ ਨਾਲ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਗਿਣਤੀ 4 ਤੋਂ ਘਟਾ ਕੇ 2 ਕਰ ਦਿੱਤੀ ਹੈ ਜਦਕਿ ਚੀਫ਼ ਖ਼ਾਲਸਾ ਦੀਵਾਨ, ਹਜ਼ੂਰੀ ਸੱਚਖੰਡ ਦੀਵਾਨ ਦੀ ਨਾਮਜ਼ਦਗੀ ਖ਼ਤਮ ਕਰ ਦਿੱਤੀ ਗਈ ਹੈ। ਬੋਰਡ ਦੇ ਮੈਂਬਰ ਬਣਦੇ ਦੋ ਸਿੱਖ ਸੰਸਦ ਮੈਂਬਰਾਂ ਨੂੰ ਵੀ ਨਵੀਂ ਸੋਧ ਵਿੱਚ ਇਸ ਅਧਿਕਾਰ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਚੀਮਾ ਨੇ ਐਕਸ 'ਤੇ ਪੋਸਟ ਰਾਹੀਂ ਮਹਾਰਾਸ਼ਟਰ ਸਰਕਾਰ ਦੇ ਉਕਤ ਫ਼ੈਸਲੇ 'ਤੇ ਇਤਰਾਜ਼ ਜਤਾਇਆ ਅਤੇ ਇਸ ਨੂੰ ਅਤਿ ਨਿੰਦਣਯੋਗ ਕਰਾਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਕਿਹਾ, "ਇਹ ਸਿੱਖ ਧਾਰਮਿਕ ਮਾਮਲਿਆਂ ਵਿੱਚ ਸਿੱਧੀ ਦਖਲਅੰਦਾਜ਼ੀ ਹੈ, ਜਿਸ ਨੂੰ ਸਿੱਖ ਕੌਮ ਬਰਦਾਸ਼ਤ ਨਹੀਂ ਕਰੇਗੀ। ਮਹਾਰਾਸ਼ਟਰ ਸਰਕਾਰ ਇਹ ਫ਼ੈਸਲਾ ਤੁਰੰਤ ਵਾਪਸ ਲਵੇ।" ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਉਨ੍ਹਾਂ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ ਤੇ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਮੁਲਾਕਾਤ ਲਈ ਸਮਾਂ ਮੰਗਿਆ ਹੈ। ਐਡਵੋਕੇਟ ਧਾਮੀ ਨੇ ਦੋਸ਼ ਲਾਇਆ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਗੁਰਦੁਆਰਾ ਬੋਰਡ ਦੇ ਢਾਂਚੇ 'ਚ ਛੇੜਛਾੜ ਸਿੱਖ ਗੁਰਧਾਮਾਂ 'ਤੇ ਕਬਜ਼ਾ ਕਰਨ ਦੀ ਕਾਰਵਾਈ ਹੈ, ਜਿਸ ਖਿਲਾਫ਼ ਸਿੱਖ ਜਗਤ ਅੰਦਰ ਵੱਡੇ ਰੋਸ ਦੀ ਲਹਿਰ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮਹਾਰਾਸ਼ਟਰ ਸਰਕਾਰ ਵਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਪ੍ਰਬੰਧਕੀ ਬੋਰਡ ਦੇ ਐਕਟ 'ਚ ਮਨਮਰਜ਼ੀ ਨਾਲ ਸੋਧ ਕਰਨ ਨੂੰ ਸਿੱਖ ਧਰਮ 'ਚ ਸਿੱਧਾ ਦਖ਼ਲ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਸਿੱਖ ਪੰਥ ਆਪਣੇ ਗੁਰਧਾਮਾਂ ਦੇ ਪ੍ਰਬੰਧਾਂ 'ਚ ਸਰਕਾਰੀ ਦਖ਼ਲ ਬਰਦਾਸ਼ਤ ਨਹੀਂ ਕਰ ਸਕਦਾ। ਜਥੇਦਾਰ ਨੇ ਕਿਹਾ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਹੈ ਕਿ ਉਕਤ ਮਾਮਲੇ ਸਬੰਧੀ ਮਹਾਰਾਸ਼ਟਰ ਸਰਕਾਰ ਨਾਲ ਗੱਲਬਾਤ ਕਰਕੇ ਸਿੱਖ ਵਿਰੋਧੀ ਫ਼ੈਸਲਾ ਵਾਪਸ ਕਰਵਾਉਣ ਦੀ ਚਾਰਾਜੋਈ ਕਰੇ।

## ਦੱਖਣੀ ਕੋਰੀਆਂ ਨਾਲ ਨੇੜਤਾ ਪੈਦਾ ਕਰਨ ਦੀ ਇੱਛਾ ਨਹੀਂ, ਜੇ ਭੜਕਾਇਆ ਤਾਂ ਉਸ ਨੂੰ ਤਬਾਹ ਕਰ ਦਿਆਂਗੇ-ਕਿਮ



ਸਿਓਲ-ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਦੁਹਰਾਇਆ ਹੈ ਕਿ ਉਨ੍ਹਾਂ ਦੀ ਦੱਖਣੀ ਕੋਰੀਆ ਨਾਲ ਕੂਟਨੀਤਕ ਸਬੰਧਾਂ ਦੀ ਕੋਈ ਇੱਛਾ ਨਹੀਂ ਹੈ ਅਤੇ ਜੇ ਉਕਸਾਇਆ ਗਿਆ ਤਾਂ ਉੱਤਰੀ ਕੋਰੀਆ ਉਸ ਨੂੰ ਤਬਾਹ ਕਰ ਦੇਵੇਗਾ। ਉੱਤਰੀ ਕੋਰੀਆ ਦੇ ਨੇਤਾ ਨੇ ਰੱਖਿਆ ਮੰਤਰਾਲੇ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਦੱਖਣੀ ਕੋਰੀਆ ਨਾਲ ਸਬੰਧਾਂ 'ਚ ਕਟੌਤੀ ਦੇ ਉਨ੍ਹਾਂ ਦੇ ਹਾਲ ਹੀ ਦੇ ਕਦਮਾਂ ਨੇ ਫੌਜ ਨੂੰ ਵਧੇਰੇ ਹਮਲਾਵਰ ਰੁਖ ਅਪਣਾਉਣ ਦੀ ਇਜਾਜ਼ਤ ਦਿੱਤੀ ਹੈ ਤਾਂ ਜੋ ਜਦੋਂ ਵੀ ਉਨ੍ਹਾਂ 'ਤੇ ਹਮਲਾ ਕੀਤਾ ਜਾਵੇ ਤਾਂ ਉਹ ਦੱਖਣੀ ਕੋਰੀਆ 'ਤੇ ਹਮਲਾ ਕਰਕੇ ਉਸ ਨੂੰ ਤਬਾਹ ਕਰ ਦੇਣਗੇ।

## ਮੁੰਬਈ ਹਮਲਿਆਂ ਦੇ ਮਾਸਟਰ ਮਾਈਂਡ ਹਾਫ਼ਿਜ਼ ਸਈਦ ਦਾ ਪੁੱਤ ਲਾਹੌਰ 'ਚ ਚੋਣ ਹਾਰਿਆ

ਇਸਲਾਮਾਬਾਦ-ਵੀਰਵਾਰ ਨੂੰ ਹੋਈਆਂ ਆਮ ਚੋਣਾਂ ਦੀ ਵੋਟਿੰਗ ਦੌਰਾਨ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਦੇ ਸਮਰਥਕ ਲਤੀਫ ਖੋਸਾ ਨੇ ਸੰਯੁਕਤ ਰਾਸ਼ਟਰ ਦੁਆਰਾ ਪਾਬੰਦੀਸ਼ੁਦਾ ਅਤਿਵਾਦੀ ਮੁਹੰਮਦ ਹਾਫਿਜ਼ ਸਈਦ ਦੇ ਪੁੱਤਰ ਤਲਹਾ ਸਈਦ ਖ਼ਿਲਾਫ਼ ਜਿੱਤ ਪ੍ਰਾਪਤ ਕੀਤੀ ਹੈ। ਲਾਹੌਰ ਦੀ ਐੱਏ 122 ਸੀਟ 'ਤੇ ਖੋਸਾ ਨੂੰ 117,109 ਵੋਟਾਂ ਮਿਲੀਆਂ ਜਦਕਿ ਤਲਹਾ ਸਈਦ ਨੂੰ ਸਿਰਫ਼ 2024 ਵੋਟਾਂ ਮਿਲੀਆਂ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਨੇਤਾ ਖਵਾਜਾ ਸਾਦ ਰਫੀਕ ਨੂੰ 77907 ਵੋਟਾਂ ਮਿਲੀਆਂ। ਮੁਹੰਮਦ ਹਾਫਿਜ਼ ਸਈਦ, ਜੋ ਸੰਯੁਕਤ ਰਾਸ਼ਟਰ ਦੁਆਰਾ ਪਾਬੰਦੀਸ਼ੁਦਾ ਅਤਿਵਾਦੀ ਹੈ, ਲਸ਼ਕਰ-ਏ-ਤੋਇਬਾ ਦਾ ਸੰਸਥਾਪਕ ਹੈ। ਉਹ ਮੁੰਬਈ ਵਿੱਚ 26/11 ਦੇ ਘਾਤਕ ਹਮਲਿਆਂ ਦਾ ਮਾਸਟਰਮਾਈਂਡ ਹੈ। ਭਾਰਤ ਵਿੱਚ ਕਈ ਮਾਮਲਿਆਂ ਵਿੱਚ ਲੋੜੀਂਦਾ ਹੈ। ਹਾਫਿਜ਼ ਸਈਦ ਦੀ ਸਿਆਸੀ ਇਕਾਈ ਪਾਕਿਸਤਾਨ ਮਰਕਜ਼ੀ ਮੁਸਲਿਮ ਲੀਗ (ਪੀਐੱਮਐੱਮਐੱਮਐੱਲ) ਨੇ ਆਮ ਚੋਣਾਂ 'ਚ ਪੂਰੇ ਪਾਕਿਸਤਾਨ ਦੇ ਹਰੇਕ ਰਾਸ਼ਟਰੀ ਅਤੇ ਸੂਬਾਈ ਵਿਧਾਨ ਸਭਾ ਹਲਕੇ ਲਈ ਆਪਣੇ ਉਮੀਦਵਾਰ ਖੜ੍ਹੇ ਕੀਤੇ ਹਨ।




WE HAVE MOVED TO BIGGER & BETTER LOCATION
#208-7110-120TH ST, SURREY
ICBC
NO WIN NO FEE
WE DO HOME & HOSPITAL VISITS
Your Lawyers, Because We Care
Criminal Law
Divorce Cases
Immigration Law
Notary Services
Singh Thind and Associates
BARRISTERS & SOLICITORS
#208 7110 120TH ST, SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

# ਦਿੱਲੀ ’ਚ ਇਕ ਵਿਅਕਤੀ ਵਲੋਂ ਲੜਕੀ ਨਾਲ 7 ਦਿਨਾਂ ਤੱਕ ਰੇਪ

## ਗਰਮ ਦਾਲ ਵੀ ਉਤੇ ਪਾਈ

ਨਵੀਂ ਦਿੱਲੀ-ਦਿੱਲੀ ‘ਚ ਇਕ ਵਿਅਕਤੀ ਨੇ ਇਕ ਲੜਕੀ ਨਾਲ 7 ਦਿਨਾਂ ਤੱਕ ਕਥਿਤ ਤੌਰ ‘ਤੇ ਬਲਾਤਕਾਰ ਕੀਤਾ। ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਉਕਤ ਵਿਅਕਤੀ ਲੜਕੀ ਦਾ ਦੋਸਤ ਸੀ। ਲੜਕੀ ‘ਤੇ ਲਗਾਤਾਰ ਤਸ਼ੱਦਦ ਕੀਤਾ ਗਿਆ ਅਤੇ ਉਸ ਦੇ ਸਰੀਰ ’ਤੇ ਗਰਮ ਦਾਲ ਵੀ ਸੁੱਟੀ ਗਈ। ਪੁਲਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਜਾਣਕਾਰੀ ਮੁਤਾਬਕ ਵਿਅਕਤੀ ਦੀ ਪਛਾਣ 28 ਸਾਲਾ ਪਾਰਸ ਵਜੋਂ ਹੋਈ ਹੈ। ਪੁਲਸ ਨੇ ਦੱਸਿਆ ਕਿ ਲੜਕੀ ਦੱਖਣੀ ਦਿੱਲੀ ਦੇ ਨੇਬ ਸਰਾਏ ’ਚ ਕਰੀਬ ਇਕ ਮਹੀਨੇ ਤੋਂ ਵਿਅਕਤੀ ਨਾਲ ਰਹਿ ਰਹੀ ਸੀ। ਇਹ ਮਾਮਲਾ 30 ਜਨਵਰੀ ਨੂੰ ਉਸ ਸਮੇਂ ਸਾਹਮਣੇ ਆਇਆ ਜਦੋਂ ਪੁਲਿਸ ਨੂੰ ਪੀਸੀਆਰ ਕਾਲ ਰਾਹੀਂ ਸੂਚਨਾ ਮਿਲੀ ਕਿ ਇੱਕ ਪਤੀ ਆਪਣੀ ਪਤਨੀ ਦੀ ਕੁੱਟਮਾਰ ਕਰ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਲੜਕੀ ਨੂੰ ਏਮਜ਼ ਵਿੱਚ ਭਰਤੀ ਕਰਵਾਇਆ ਗਿਆ ਹੈ। ਔਰਤ ਦੇ ਸਰੀਰ ‘ਤੇ 20 ਥਾਵਾਂ ‘ਤੇ ਸੱਟਾਂ ਦੇ ਨਿਸ਼ਾਨ ਮਿਲੇ ਹਨ। ਔਰਤ ਨੂੰ ਏਮਜ਼ ਤੋਂ ਛੁੱਟੀ ਮਿਲ ਗਈ ਹੈ। ਮੁਲਜ਼ਮ ਦਾ ਨਾਂ ਪਾਰਸ ਹੈ। ਪੀੜਤਾ ਪੱਛਮੀ ਬੰਗਾਲ ਦੀ ਰਹਿਣ ਵਾਲੀ ਹੈ। ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਪਾਰਸ ਨੇ ਮਹਿਲਾ ਨੂੰ ਦਿੱਲੀ ਬੁਲਾਇਆ ਸੀ। ਉਸ ਨੇ ਲੜਕੀ ਨੂੰ ਨੌਕਰੀ ਦੇ ਬਹਾਨੇ ਕਮਰੇ ‘ਚ ਬੰਦ ਰੱਖਿਆ ਅਤੇ ਉਸ ਦਾ ਸ਼ੋਸ਼ਣ ਕੀਤਾ। ਇਸ ਦੌਰਾਨ ਮੁਲਜ਼ਮ ਨੇ ਪੀੜਤਾ ਨਾਲ ਸਰੀਰਕ ਸਬੰਧ ਵੀ ਬਣਾਏ। ਜਦੋਂ ਲੜਕੀ ਨੇ ਪਾਰਸ ਨੂੰ 30 ਜਨਵਰੀ ਨਾਲ ਵਿਆਹ ਕਰਵਾਉਣ ਦੀ ਗੱਲ ਕੀਤੀ ਤਾਂ ਉਸ ਨੇ ਗੁੱਸੇ ‘ਚ ਆ ਕੇ ਪੀੜਤਾ ‘ਤੇ ਰਾਡ ਨਾਲ ਹਮਲਾ ਕਰ ਦਿੱਤਾ ਅਤੇ ਉਸ ‘ਤੇ ਗਰਮ ਦਾਲ ਪਾ ਦਿੱਤੀ, ਜਿਸ ਨਾਲ ਉਸ ਦਾ ਖ਼ੂਨ ਵਹਿਣ ਲੱਗਾ। ਮੁਲਜ਼ਮ ‘ਤੇ ਦੋਸ਼ ਲਾਉਂਦਿਆਂ ਪੀੜਤਾ ਨੇ ਦੱਸਿਆ ਕਿ ਮੁਲਜ਼ਮ ਨੇ ਉਸ ਨੂੰ ਰਾਡ ਨਾਲ ਕੁੱਟਣ ਤੋਂ ਬਾਅਦ ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ। ਬਾਅਦ ਵਿੱਚ ਪੁਲਿਸ ਨੇ ਲੜਕੀ ਨੂੰ ਛੁਡਵਾਇਆ।

# ਵਿਆਹ ਤੋਂ ਬਾਅਦ ਘਰ ਆਉਂਦੇ ਸਮੇਂ ਲਾੜਾ-ਲਾੜੀ ਦੀ ਕਾਰ ਹਾਦਸਾਗ੍ਰਸਤ, ਲਾੜੀ ਦੀ ਮੌਤ

ਸੀਕਰ-ਰਾਜਸਥਾਨ ਦੇ ਸੀਕਰ ‘ਚ ਵਿਆਹ ਤੋਂ ਬਾਅਦ ਘਰ ਪਰਤਦੇ ਸਮੇਂ ਲਾੜੇ ਦੀ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਸੜਕ ਹਾਦਸੇ ‘ਚ ਲਾੜੀ ਦੀ ਮੌਤ ਹੋ ਗਈ ਅਤੇ ਲਾੜਾ ਗੰਭੀਰ ਜ਼ਖਮੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਾਦਸਾ ਫਤਿਹਪੁਰ ਸਾਲਾਸਰ ਹਾਈਵੇ ‘ਤੇ ਪਿੰਡ ਮਰਦਾਤੂ ਨੇੜੇ ਵਾਪਰਿਆ। ਗੰਭੀਰ ਜ਼ਖਮੀ ਲਾੜੇ ਨੂੰ ਸੀਕਰ ਰੈਫਰ ਕਰ ਦਿੱਤਾ ਗਿਆ ਹੈ। ਹਾਦਸੇ ਵਿੱਚ ਕਾਰ ਚਾਲਕ ਵੀ ਜ਼ਖ਼ਮੀ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਬਰਾਤ ਲਕਸ਼ਮਣਗੜ੍ਹ ਇਲਾਕੇ ਦੇ ਪਿੰਡ ਬਟਦਾਨੋ ਤੋਂ ਹਰਿਆਣਾ ਗਿਆ ਸੀ। ਪਿੰਡ ਵਾਪਸ ਪਹੁੰਚਣ ਤੋਂ ਪਹਿਲਾਂ ਹੀ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਇਹ ਘਟਨਾ ਸੀਕਰ ਜ਼ਿਲੇ ਦੇ ਫਤਿਹਪੁਰ ਥਾਣਾ ਖੇਤਰ ਦੇ ਸਾਲਾਸਰ ਹਾਈਵੇ ‘ਤੇ ਮਰਦਾਤੂ ਪਿੰਡ ਨੇੜੇ ਸਵੇਰੇ 7 ਵਜੇ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਕ੍ਰੇਟਾ ਕਾਰ ਨੂੰ ਸਾਹਮਣੇ ਤੋਂ ਆ ਰਹੇ ਡੰਪਰ ਨੇ ਟੱਕਰ ਮਾਰ ਦਿੱਤੀ। ਹੈੱਡ ਕਾਂਸਟੇਬਲ ਰਾਮਦੇਵ ਨੇ ਦੱਸਿਆ ਕਿ ਲਕਸ਼ਮਣਗੜ੍ਹ ਤਹਿਸੀਲ ਦੇ ਪਿੰਡ ਬਟਲਾ ਨੌ ਦੇ ਨਰਿੰਦਰ (25) ਦਾ ਵਿਆਹ 6 ਫਰਵਰੀ ਨੂੰ ਹਰਿਆਣਾ ਦੇ ਹਿਸਾਰ ਦੀ ਰਹਿਣ ਵਾਲੀ ਆਪਣੀ ਪਤਨੀ ਖੁਸ਼ਬੂ (24) ਨਾਲ ਹੋਇਆ ਸੀ। ਵਿਦਾਈ ਤੋਂ ਬਾਅਦ ਉਹ ਆਪਣੇ ਸਹੁਰੇ ਘਰ ਬਟਾਲਾ ਨਾਊ ਪਿੰਡ ਆ ਰਹੀ ਸੀ। ਇਸ ਦੌਰਾਨ ਫਤਿਹਪੁਰ ਸਾਲਾਸਰ ਹਾਈਵੇ ‘ਤੇ ਪਿੰਡ ਮਰਦਾਤੂ ਨੇੜੇ ਸਾਹਮਣੇ ਤੋਂ ਆ ਰਹੇ ਇਕ ਡੰਪਰ ਨੇ ਲਾੜਾ-ਲਾੜੀ ਦੀ ਕਰੇਟਾ ਕਾਰ ਨੂੰ ਟੱਕਰ ਮਾਰ ਦਿੱਤੀ। ਹਾਦਸੇ ‘ਚ ਸਿਰ ‘ਤੇ ਗੰਭੀਰ ਸੱਟ ਲੱਗਣ ਕਾਰਨ ਖੁਸ਼ਬੂ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਲਾੜਾ ਨਰਿੰਦਰ ਅਤੇ ਡਰਾਈਵਰ ਨਿਤਨ (32) ਗੰਭੀਰ ਜ਼ਖ਼ਮੀ ਹੋ ਗਏ। ਹਾਦਸੇ ਦੀ ਜ਼ੋਰਦਾਰ ਆਵਾਜ਼ ਸੁਣ ਕੇ ਆਸ-ਪਾਸ ਦੇ ਲੋਕ ਮੌਕੇ ‘ਤੇ ਪਹੁੰਚ ਗਏ ਅਤੇ ਜ਼ਖਮੀਆਂ ਨੂੰ ਨਿੱਜੀ ਵਾਹਨ ‘ਚ ਸਵਾਰ ਹੋ ਕੇ ਸਰਕਾਰੀ ਧਨੁਕਾ ਉਪ ਜ਼ਿਲਾ ਹਸਪਤਾਲ ਦੇ ਟਰਾਮਾ ਸੈਂਟਰ ਪਹੁੰਚਾਇਆ। ਜਿੱਥੇ ਡਾਕਟਰਾਂ ਨੇ ਲਾੜੀ ਖੁਸ਼ਬੂ ਨੂੰ ਮ੍ਰਿਤਕ ਐਲਾਨ ਦਿੱਤਾ। ਗੰਭੀਰ ਜ਼ਖਮੀ ਨਰਿੰਦਰ ਨੂੰ ਸੀਕਰ ਰੈਫਰ ਕਰ ਦਿੱਤਾ ਗਿਆ ਅਤੇ ਡਰਾਈਵਰ ਨਿਤਨ ਦਾ ਹਸਪਤਾਲ ‘ਚ ਮੁੱਢਲਾ ਇਲਾਜ ਚੱਲ ਰਿਹਾ ਹੈ। ਸੂਚਨਾ ਮਿਲਣ ‘ਤੇ ਥਾਣਾ ਸਦਰ ਦੀ ਪੁਲਸ ਨੇ ਮੌਕੇ ‘ਤੇ ਪਹੁੰਚ ਕੇ ਘਟਨਾ ਦੀ ਜਾਣਕਾਰੀ ਲਈ।

# ਦਿੱਲੀ ਦੇ ਗੋਕੁਲਪੁਰੀ ਮੈਟਰੋ ਸਟੇਸ਼ਨ ਦਾ ਇੱਕ ਹਿੱਸਾ ਡਿੱਗਿਆ, ਇੱਕ ਦੀ ਮੌਤ

ਨਵੀਂ ਦਿੱਲੀ-ਦਿੱਲੀ ਦੇ ਗੋਕੁਲਪੁਰੀ ਮੈਟਰੋ ਸਟੇਸ਼ਨ ਦਾ ਇੱਕ ਹਿੱਸਾ ਢਹਿ ਗਿਆ ਹੈ। ਮੈਟਰੋ ਸਟੇਸ਼ਨ ਤੋਂ ਕੁਝ ਮਲਬਾ ਡਿੱਗਣ ਕਾਰਨ ਇੱਕ ਵਿਅਕਤੀ ਦੱਬਿਆ ਗਿਆ, ਉਸ ਨੂੰ ਮਲਬੇ ਵਿੱਚੋਂ ਬਾਹਰ ਕੱਢ ਲਿਆ ਗਿਆ ਹੈ। ਮਲਬੇ ਹੇਠ ਕੁਝ ਮੋਟਰਸਾਇਕਲ ਵੀ ਦੱਬੇ ਗਏ, ਜਿਨ੍ਹਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ। ਇਸ ਘਟਨਾ ਨਾਲ ਪੂਰੇ ਇਲਾਕੇ ‘ਚ ਸਨਸਨੀ ਫੈਲ ਗਈ ਹੈ। ਬਚਾਅ ਟੀਮ ਅਤੇ ਫਾਇਰ ਵਿਭਾਗ ਦੀ ਟੀਮ ਮੌਕੇ ‘ਤੇ ਪਹੁੰਚ ਗਈ ਹੈ। ਜਾਣਕਾਰੀ ਅਨੁਸਾਰ ਚੱਲਦੀ ਮੈਟਰੋ ਲਾਈਨ ਦੀ ਸਾਈਡ ਸਲੈਬ ਦਾ ਇੱਕ ਹਿੱਸਾ ਡਿੱਗ ਗਿਆ, ਇਸ ਘਟਨਾ ਵਿੱਚ ਹੁਣ ਤੱਕ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ ਜਦੋਂ ਕਿ 4 ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਅਜੇ ਤੱਕ ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ ਹੈ। ਡੀਐਫਐਸ ਮੁਲਾਜ਼ਮਾਂ ਨੇ ਮਲਬੇ ਹੇਠ ਦੱਬੇ ਦੋ ਵਿਅਕਤੀਆਂ ਨੂੰ ਬਚਾਇਆ ਅਤੇ ਜੀਟੀਬੀ ਹਸਪਤਾਲ ਪਹੁੰਚਾਇਆ। ਦੂਜੇ ਦੋ ਵਿਅਕਤੀਆਂ ਨੂੰ ਡੀਐਫਐਸ ਯੂਨਿਟ ਦੇ ਆਉਣ ਤੋਂ ਪਹਿਲਾਂ ਹਟਾ ਦਿੱਤਾ ਗਿਆ ਸੀ। ਇਸ ਘਟਨਾ ਵਿੱਚ ਕੁਝ ਬਾਈਕ ਵੀ ਨੁਕਸਾਨੀਆਂ ਗਈਆਂ। ਗੋਕੁਲਪੁਰੀ ਡੀਐਫਐਸ ਦੀ ਇਕ ਯੂਨਿਟ ਨੂੰ ਸਟੈਂਡਬਾਏ ‘ਤੇ ਰੱਖਿਆ ਗਿਆ ਹੈ ਕਿਉਂਕਿ ਸਲੈਬ ਦਾ ਇਕ ਹਿੱਸਾ ਅਜੇ ਵੀ ਉਥੇ ਲਟਕਿਆ ਹੋਇਆ ਹੈ।



# ਭਾਰਤੀ ਮੂਲ ਦੇ ਵਿਅਕਤੀ ਨੂੰ ਚਾਰ ਸਾਲ ਕੈਦ

ਸਿੰਗਾਪੁਰ ਸਿਟੀ-ਸਿੰਗਾਪੁਰ ਵਿੱਚ ਭਾਰਤੀ ਮੂਲ ਦੇ ਇੱਕ 60 ਸਾਲਾ ਸਿੰਗਾਪੁਰੀ ਵਿਅਕਤੀ ਨੂੰ ਚਾਰ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਲਜ਼ਾਮ ਹੈ ਕਿ ਉਹ ਇੱਕ ਕੰਪਨੀ ਦੇ ਡਾਇਰੈਕਟਰ ਵਜੋਂ ਆਪਣੀ ਡਿਊਟੀ ਨਿਭਾਉਣ ਵਿੱਚ ਨਾਕਾਮ ਰਿਹਾ ਸੀ। ਉਸ ‘ਤੇ ਦਸੰਬਰ 2014 ਤੋਂ ਸਤੰਬਰ 2015 ਦਰਮਿਆਨ ਜਰਮਨੀ ਦੇ ਵਾਇਰਕਾਰਡ ਏਜੀ ਤੋਂ 54 ਮਿਲੀਅਨ ਯੂਰੋ ਤੋਂ ਵੱਧ ਪ੍ਰਾਪਤ ਕਰਨ ਦਾ ਵੀ ਦੋਸ਼ ਹੈ। ਵਿਅਕਤੀ ਦਾ ਨਾਂ ਤਿਲਾਗਰਤਨਮ ਰਾਜਰਤਨਮ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਉਹ ਬਿਨਾਂ ਕਿਸੇ ਲੈਣ-ਦੇਣ ਦੇ 500 ਸਿੰਗਾਪੁਰੀ ਡਾਲਰ ਪ੍ਰਤੀ ਮਹੀਨਾ ਰਣਨੀਤਕ ਕਾਰਪੋਰੇਟ ਇਨਵੈਸਟਮੈਂਟ ਨਾਮਕ ਫਰਮ ਦਾ ਡਾਇਰੈਕਟਰ ਬਣਨ ਲਈ ਸਹਿਮਤ ਹੋ ਗਿਆ ਸੀ। ਦਰਅਸਲ, ਵਾਇਰਕਾਰਡ ਏਜੀ, ਇੱਕ ਭੁਗਤਾਨ ਪ੍ਰੋਸੈਸਿੰਗ ਕੰਪਨੀ ਹੈ, ਜਿਸ ਦੇ ਖਾਤਿਆਂ ਵਿੱਚੋਂ 1/9 ਬਿਲੀਅਨ ਯੂਰੋ ਦੀ ਨਕਦੀ ਗਾਇਬ ਹੋ ਗਈ ਸੀ। ਇਸ ਤੋਂ ਬਾਅਦ ਕੰਪਨੀ ਨੇ ਖੁਦ ਨੂੰ ਦੀਵਾਲੀਆ ਐਲਾਨ ਦਿੱਤਾ ਸੀ। ਇਸ ਦੇ ਨਾਲ ਹੀ ਕੰਪਨੀ ਦੇ ਸਾਬਕਾ ਮੁੱਖ ਕਾਰਜਕਾਰੀ ਮਾਰਕਸ ਬ੍ਰਾਊਨ ਅਤੇ ਕਈ ਹੋਰ ਉੱਚ ਅਧਿਕਾਰੀਆਂ ਨੂੰ ਧੋਖਾਧੜੀ ਦੇ ਦੋਸ਼ਾਂ ‘ਚ ਗ੍ਰਿਫਤਾਰ ਕੀਤਾ ਗਿਆ ਸੀ। ਯੋਜਨਾਕਾਰ ਹੋਣ ਦੇ ਬਾਵਜੂਦ, ਤਿਲਾਗਰਤਨਮ ਨੂੰ ਨਹੀਂ ਪਤਾ ਸੀ ਕਿ ਕੰਪਨੀ ਨੂੰ ਵਾਇਰਕਾਰਡ ਤੋਂ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਪੈਸੇ ਮਿਲੇ ਹਨ। ਇਸ ਤੋਂ ਬਾਅਦ ਇਹ ਵੱਖ-ਵੱਖ ਪਾਰਟੀਆਂ ਨੂੰ ਵੀ ਟਰਾਂਸਫਰ ਕਰ ਦਿੱਤਾ ਗਿਆ। ਇਸ ਵਿਚ ਤਿਲਾਗਰਤਨਮ ਦਾ ਛੋਟਾ ਭਰਾ ਵੀ ਸ਼ਾਮਲ ਹੈ, ਜਿਸ ਦਾ ਨਾਮ ਸ਼ਨਮੁਗਰਤਨਮ ਹੈ। ਉਹ ਸੀਟਾਡੇਲ ਕਾਰਪੋਰੇਟ ਸਰਵਿਸਜ਼ ਦੇ ਡਾਇਰੈਕਟਰ ਸਨ।

Injured in an accident?
ICBC claim?
We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.
604-449-7500



TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.randhawalaw.ca
200 – 6245 136th Street, Surrey, BC.

# ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਗੈਰ-ਕਾਨੂੰਨੀ ਕਲੋਨੀਆਂ ਵਿਰੁੱਧ ਸਖ਼ਤ ਕਦਮ ਚੁੱਕਣ ਲਈ ਕਿਹਾ

## ਆਮ ਜਨਤਾ ਨੂੰ ਵੱਡੀ ਰਾਹਤ ਦੇਣ ਲਈ ਜ਼ਮੀਨ ਤੇ ਜਾਇਦਾਦ ਦੀ ਰਜਿਸਟਰੀ ਲਈ ਐਨ.ਓ.ਸੀ. ਦੀ ਸ਼ਰਤ ਖ਼ਤਮ ਕਰਨ ਦਾ ਲਿਆ ਫੈਸਲਾ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਭਵਿੱਖ ਵਿੱਚ ਗੈਰ ਕਾਨੂੰਨੀ ਕਲੋਨੀਆਂ ਬਣਨ ਤੋਂ ਰੋਕਣ ਲਈ ਗੈਰ ਕਾਨੂੰਨੀ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਰਵਾਈ ਵਾਸਤੇ ਅਧਿਕਾਰੀਆਂ ਨੂੰ ਬਿੱਲ ਦਾ ਖਰੜਾ ਤਿਆਰ ਕਰਨ ਲਈ ਆਖਿਆ। ਜ਼ਮੀਨ/ਜਾਇਦਾਦ ਦੀ ਰਜਿਸਟਰੇਸ਼ਨ ਲਈ ਐਨ.ਓ.ਸੀ. ਦੀ ਸ਼ਰਤ ਖ਼ਤਮ ਕਰਨ ਦੇ ਸੂਬਾ ਸਰਕਾਰ ਦੇ ਹਾਲੀਆ ਫੈਸਲੇ ਦੇ ਸੰਦਰਭ ਵਿੱਚ ਅੱਜ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਫੈਸਲੇ ਦਾ ਮੰਤਵ ਆਮ ਜਨਤਾ ਨੂੰ ਸਹੂਲਤ ਦੇਣਾ ਹੈ। ਉਨ੍ਹਾਂ ਕਿਹਾ ਕਿ ਗੈਰ ਕਾਨੂੰਨੀ ਕਲੋਨਾਈਜ਼ਰਾਂ ਦੁਆਲੇ ਸ਼ਿਕੰਜਾ ਕਸਣ ਲਈ ਨਵਾਂ ਕਾਨੂੰਨ ਬਣਾਉਣ ਦੀ ਬੇਹੱਦ ਲੋੜ ਹੈ। ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਪੰਜਾਬ ਵਿਧਾਨ ਸਭਾ ਦੇ ਅਗਲੇ ਸੈਸ਼ਨ ਤੋਂ ਪਹਿਲਾਂ ਨਵੇਂ ਬਿੱਲ ਦਾ ਖਰੜਾ ਤਿਆਰ ਕਰਨ ਲਈ ਆਖਿਆ ਤਾਂ ਕਿ ਵਿਧਾਨ ਸਭਾ ਤੋਂ ਇਸ ਦੀ ਪ੍ਰਵਾਨਗੀ ਲਈ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਗੈਰ ਕਾਨੂੰਨੀ ਕਲੋਨਾਈਜ਼ਰ ਸਬਜ਼ਬਾਗ ਦਿਖਾ ਕੇ ਲੋਕਾਂ ਨੂੰ ਲੁੱਟਦੇ ਹਨ ਅਤੇ ਆਪਣੀਆਂ ਗੈਰ ਪ੍ਰਵਾਨਿਤ ਕਲੋਨੀਆਂ ਵੇਚ ਦਿੰਦੇ ਹਨ। ਉਨ੍ਹਾਂ ਕਿਹਾ ਕਿ ਠੱਗੇ ਗਏ ਲੋਕ ਇਨ੍ਹਾਂ ਕਲੋਨੀਆਂ ਵਿੱਚ ਬੁਨਿਆਦੀ ਸਹੂਲਤਾਂ ਲਈ ਦਰ-ਦਰ ਦੀਆਂ ਠੋਕਰਾਂ ਖਾਂਦੇ ਰਹਿੰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਲੋਨਾਈਜ਼ਰ ਗੈਰ ਕਾਨੂੰਨੀ ਤਰੀਕੇ ਨਾਲ ਪੈਸਾ ਬਣਾ ਲੈਂਦੇ ਹਨ, ਜਦੋਂ ਕਿ ਉਨ੍ਹਾਂ ਦੀਆਂ ਗਲਤ ਕਾਰਵਾਈਆਂ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿਸੇ ਕੀਮਤ ਉਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਬਿਨਾਂ ਪ੍ਰਵਾਨਗੀ ਲਏ ਪਲਾਟ ਵੇਚ ਰਹੇ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਗੈਰ ਕਾਨੂੰਨੀ ਕਲੋਨੀਆਂ ਬਣਾਉਣ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਇਸ ਜੁਰਮ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਦਮ ਚੁੱਕੇ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਗੈਰ ਕਾਨੂੰਨੀ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਨੂੰਨ ਲਿਆਂਦਾ ਜਾਵੇਗਾ, ਜੋ ਪੰਜਾਬ ਵਿੱਚ ਕਿਸੇ ਵੀ ਤਰ੍ਹਾਂ ਗੈਰ ਕਾਨੂੰਨੀ ਕਲੋਨੀ ਬਣਨ ਤੋਂ ਰੋਕਣ ਦਾ ਕੰਮ ਕਰੇਗਾ।






# ਆਈਐਮਐਫ ਦੀ ਮਾਲਦੀਵ ਨੂੰ ਚੇਤਾਵਨੀ, ਨਾ ਮੰਨੇ ਤਾਂ ਹੋ ਜਾਊਗੇ 'ਦੀਵਾਲੀਆ'

ਵਾਸ਼ਿੰਗਟਨ-ਚੀਨ ਦੇ ਜ਼ੋਰ 'ਤੇ ਭਾਰਤ ਨਾਲ ਪੰਗਾ ਲੈਣ ਵਾਲਾ ਮਾਲਦੀਵ ਚੀਨ ਦੇ ਕਰਜ਼ੇ ਦੇ ਜਾਲ 'ਚ ਫਸਦਾ ਜਾ ਰਿਹਾ ਹੈ। ਹਾਲਾਤ ਇਹ ਹਨ ਕਿ ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੋਇਜ਼ੂ ਨੇ ਖੁਦ ਸੰਸਦ ਵਿੱਚ ਕਿਹਾ ਹੈ ਕਿ ਉਹ ਨਵੇਂ ਵਿਕਾਸ ਕਾਰਜ ਨਹੀਂ ਕਰਵਾ ਸਕਦੇ ਕਿਉਂਕਿ ਦੇਸ਼ ਦੀ ਆਰਥਿਕ ਹਾਲਤ ਡਾਵਾਂਡੋਲ ਹੈ। ਇਸ ਦੌਰਾਨ ਕੌਮਾਂਤਰੀ ਮੁਦਰਾ ਫੰਡ ਨੇ ਕਰਜ਼ੇ ਦੇ ਬੋਝ ਹੇਠ ਦੱਬੇ ਮਾਲਦੀਵ ਨੂੰ ਚੀਨ ਤੋਂ ਅਰਬਾਂ ਦਾ ਕਰਜ਼ਾ ਲੈਣ ਬਾਰੇ ਕਰਜ਼ਾ ਸੰਕਟ ਬਾਰੇ ਚੇਤਾਵਨੀ ਦਿੱਤੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਚੀਨ ਅਤੇ ਮਾਲਦੀਵ ਦੀ ਵਧਦੀ ਨੇੜਤਾ ਦਰਮਿਆਨ ਅੰਤਰਰਾਸ਼ਟਰੀ ਮੁਦਰਾ ਫੰਡ (ਆਈਐੱਮਐੱਫ) ਨੇ ਮੋਇਜ਼ੂ ਪ੍ਰਸ਼ਾਸਨ ਨੂੰ 'ਕਰਜ਼ ਸੰਕਟ' ਦੀ ਚੇਤਾਵਨੀ ਦਿੱਤੀ ਹੈ। ਚੀਨ ਤੋਂ ਅਰਬਾਂ ਡਾਲਰ ਦਾ ਕਰਜ਼ਾ ਲੈਣ ਵਾਲੇ ਮਾਲਦੀਵ ਨੂੰ ਸਾਵਧਾਨ ਕਰਦੇ ਹੋਏ ਆਈਐੱਮਐੱਫ ਨੇ ਕਿਹਾ ਹੈ ਕਿ ਮਾਲਦੀਵ ਨੂੰ ਤੁਰੰਤ ਆਪਣੀ ਨੀਤੀ ਬਦਲਣ ਦੀ ਲੋੜ ਹੈ। ਭਾਰਤ ਨਾਲ ਤਣਾਅਪੂਰਨ ਸਬੰਧਾਂ ਦਰਮਿਆਨ ਮਾਲਦੀਵ ਨੇ ਚੀਨ ਤੋਂ ਅਰਬਾਂ ਰੁਪਏ ਦਾ ਕਰਜ਼ਾ ਲਿਆ ਹੈ। ਅਜਿਹੇ 'ਚ ਹਿੰਦ ਮਹਾਸਾਗਰ 'ਚ ਰਣਨੀਤਕ ਮਹੱਤਵ ਰੱਖਣ ਵਾਲੇ ਇਸ ਦੇਸ਼ ਨੂੰ ਤੁਰੰਤ ਆਪਣੀਆਂ ਨੀਤੀਆਂ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਤੁਹਾਨੂੰ ਦੱਸ ਦੇਈਏ ਕਿ ਮਾਲਦੀਵ ਦੀ ਅਰਥਵਿਵਸਥਾ ਦਾ ਵੱਡਾ ਹਿੱਸਾ ਸੈਰ-ਸਪਾਟਾ ਉਦਯੋਗ 'ਤੇ ਆਧਾਰਿਤ ਹੈ। ਅਜਿਹੇ 'ਚ ਜਦੋਂ ਕੋਰੋਨਾ ਦਾ ਦੌਰ ਖਤਮ ਹੋਇਆ ਤਾਂ ਮਾਲਦੀਵ ਦਾ ਸੈਰ-ਸਪਾਟਾ ਉਦਯੋਗ ਮੁਸ਼ਕਲ ਨਾਲ ਪਟੜੀ 'ਤੇ ਵਾਪਸ ਆਇਆ ਪਰ ਭਾਰਤ ਨਾਲ ਪੰਗੇ ਤੋਂ ਬਾਅਦ ਭਾਰਤੀ ਸੈਲਾਨੀਆਂ ਨੇ ਮਾਲਦੀਵ ਦਾ ਬਾਈਕਾਟ ਕਰ ਦਿੱਤਾ। ਇਸ ਤੋਂ ਬਾਅਦ ਮਾਲਦੀਵ 'ਚ ਸੈਲਾਨੀਆਂ ਦੀ ਗਿਣਤੀ ਘੱਟ ਗਈ।





mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


TRANSource
FREIGHTWAYS
ਕੰਮ ਲਈ Drivers and
Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
TRANSource FREIGHTWAYS
353
Fuel and Insurance Paid
by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
invis
Canada's Mortgage Experts™
MORTGAGE INTELLIGENCE®
Call today to get started
SANJEEV KATYAL
604.767.5194
info@katyalmortgage.ca
WWW.KATYALMORTGAGE.CA

# ਖ਼ਤਮ ਹੋਈ ਰਿਸ਼ਤੇ ਜੋੜਨ ਦੀ ਸਾਦਗੀ

ਪਹਿਲੇ ਵੇਲ਼ਿਆਂ ਵਿੱਚ ਜਦੋਂ ਲੜਕਾ-ਲੜਕੀ ਦਾ ਰਿਸ਼ਤਾ ਤੈਅ ਹੁੰਦਾ ਸੀ ਤਾਂ ਉਦੋਂ ਦੀ ਚੁਣਨ ਪ੍ਰਕਿਰਿਆ ਬੇਲੋੜੀ ਨਾਟਕਬਾਜ਼ੀ ਤੋਂ ਮੁਕਤ ਅਤੇ ਸਹਿਜ ਹੁੰਦੀ ਸੀ। ਕੁੜੀ ਨੂੰ ਵੇਖਣ ਜਾਂਦੇ ਤਾਂ ਅਕਸਰ 'ਹਾਂ' ਹੀ ਹੋਇਆ ਕਰਦੀ; ਨਾਂਹ ਕਰਨ ਦਾ ਕਿਸੇ ਦਾ ਹੀਆ ਨਾ ਪੈਂਦਾ। ਅੱਜ ਉਹ ਗੱਲਾਂ ਨਹੀਂ ਰਹੀਆਂ। ਆਜ਼ਾਦੀ ਤੇ ਨਵੇਂ ਅਖਾਉਤੀ ਸਵੈ-ਵਿਸ਼ਵਾਸੀ ਗਿਆਨ ਨੇ ਸਾਰੀਆਂ ਮਰਿਆਦਾਵਾਂ ਤੇ ਰਵਾਇਤਾਂ ਹੀ ਬਦਲ ਦਿੱਤੀਆਂ ਹਨ। ਅੱਜਕੱਲ੍ਹ ਮੁੰਡਾ-ਕੁੜੀ ਦੀ ਚੋਣ ਆਪਣੇ ਵੱਲੋਂ ਟੁਣਕਾ ਕੇ ਕਸਵੱਟੀਆਂ ਲਾ ਕੇ ਹੁੰਦੀ ਹੈ। ਤਾਲੀਮ, ਸਰੀਰਕ ਬਣਤਰ, ਰੰਗ, ਬੋਲਬਾਣੀ ਸਭ ਪਰਖਣ ਦਾ ਯਤਨ ਹੁੰਦਾ ਹੈ। ਅੱਜ ਦੇ ਰਿਸ਼ਤੇ ਦ੍ਰਿਸ਼ਟ 'ਤੇ ਟਿਕੇ ਹੁੰਦੇ ਹਨ ਜੋ ਅੱਖਾਂ, ਕੰਨਾਂ ਨੂੰ ਜਚਦਾ ਹੈ, ਉਸ ਅਨੁਸਾਰ ਹੀ ਪਸੰਦ ਕੀਤਾ ਜਾਂਦਾ ਹੈ। ਪਰ ਪਹਿਲਾਂ ਬਹੁਤ ਕੁਝ ਰੱਬੀ ਰਜ਼ਾ 'ਤੇ ਛੱਡ ਦਿੱਤਾ ਜਾਂਦਾ ਸੀ। ਉਦੋਂ ਦੇ ਮਾਪਦੰਡ ਵਿੱਚ ਸ਼ਰਮ, ਹਯਾ, ਮਿਹਨਤ, ਸਾਦਗੀ ਤੇ ਕਮਾਈ ਦਾ ਵਾਸਾ ਸੀ। ਅਜੋਕੇ ਦੌਰ ਵਿੱਚ ਜਦੋਂ ਰਿਸ਼ਤਾ ਤੈਅ ਕਰਨ ਵੇਲੇ ਵੇਖ ਵਿਖਾਈ ਹੁੰਦੀ ਹੈ ਤਾਂ ਦੋਨੋਂ ਧਿਰਾਂ ਕਿਸੇ ਸਾਂਝੇ ਥਾਂ ਹੋਟਲ ਵਗੈਰਾ ਵਿੱਚ ਇਕੱਤਰ ਹੁੰਦੀਆਂ ਹਨ। ਕੁੜੀ ਮੁੰਡਾ ਸਜ ਸੰਵਰ ਕੇ ਜਾਂਦੇ ਹਨ। ਉੱਥੇ ਜਾਂਦਿਆਂ ਹੀ ਕੋਲਡ ਡਰਿੰਕ ਵਰਤਾਈ ਜਾਂਦੀ ਹੈ। ਫਿਰ ਮਾਹੌਲ ਨੂੰ ਸੁਖਾਵਾਂ ਬਣਾਈ ਰੱਖਣ ਦੇ ਖਿਆਲ ਨਾਲ ਦੋਨੋਂ ਧਿਰਾਂ ਹਲਕਾ ਫੁਲਕਾ ਖਾਈ ਜਾਂਦੀਆਂ ਹਨ ਤੇ ਪੁੱਛਣ ਵਾਲੀਆਂ ਗੱਲਾਂ ਇੱਕ ਦੂਜੇ ਤੋਂ ਪੁੱਛੀ ਜਾਂਦੀਆਂ ਹਨ। ਕੁੜੀ ਅਤੇ ਮੁੰਡੇ ਤੋਂ ਉਨ੍ਹਾਂ ਦੀ ਪੜ੍ਹਾਈ ਅਤੇ ਭਵਿੱਖੀ ਇਰਾਦੇ ਬਾਰੇ ਪੁੱਛਿਆ ਜਾਂਦਾ ਹੈ। ਅਜਿਹੇ ਸਵਾਲਾਂ ਤੋਂ ਪਿੱਛੋਂ ਜਦੋਂ ਲੱਗਦਾ ਹੈ ਕਿ ਹੋਰ ਤਸੱਲੀ ਕਰ ਲਈ ਜਾਵੇ ਤਾਂ ਦੋਨਾਂ ਦੇ ਮਾਪੇ ਲੜਕਾ-ਲੜਕੀ ਨੂੰ ਅਲੱਗ ਬਿਠਾ ਦਿੰਦੇ ਹਨ ਤਾਂ ਜੋ ਆਪਸੀ ਗੱਲ ਖੁੱਲ੍ਹ ਜਾਵੇ। ਮਕਸਦ ਇਹ ਹੁੰਦਾ ਹੈ ਕਿ ਦੋਨੋਂ ਚੰਗੀ ਤਰ੍ਹਾਂ ਇੱਕ ਦੂਜੇ ਨੂੰ ਜਾਣ ਲੈਣ। ਗੱਲ ਕੀ ਦੋਹਾਂ ਧਿਰਾਂ ਵੱਲੋਂ ਆਪਣੇ ਜਾਣੇ ਪੂਰੀ ਤਰ੍ਹਾਂ ਮਿਣ-ਤੋਲ ਕੇ ਰਿਸ਼ਤਾ ਲੱਭਣ ਦਾ ਯਤਨ ਹੁੰਦਾ ਹੈ। ਪੁਰਾਣੇ ਵੇਲਿਆਂ ਵਿੱਚ ਰਿਸ਼ਤੇ ਜੋੜਨ ਦੀਆਂ ਬਾਤਾਂ ਬਹੁਤ ਹੀ ਪਵਿੱਤਰ ਤੇ ਨਿਆਰੀਆਂ ਹੁੰਦੀਆਂ ਸਨ। ਉਦੋਂ ਸਾਕ ਕਰਾਉਣਾ ਪੁੰਨ ਦਾ ਕਾਰਜ ਸਮਝਿਆ ਜਾਂਦਾ ਸੀ। ਅੱਜ ਤਾਂ ਅਖ਼ਬਾਰਾਂ ਵਿੱਚ ਮੈਟਰੀਮੋਨੀਅਲ ਰਾਹੀਂ ਰਿਸ਼ਤੇ ਕੀਤੇ ਜਾਂਦੇ ਹਨ ਜੋ ਘੋਖਾਂ ਕਰਨ ਪਿੱਛੋਂ ਫਿਰ ਵੀ ਤੋੜ ਨਹੀਂ ਚੜ੍ਹਦੇ। ਪਹਿਲੇ ਵੇਲਿਆਂ ਵਿੱਚ ਜਦੋਂ ਧੀ-ਪੁੱਤ ਜੁਆਨ ਹੋ ਜਾਂਦਾ ਸੀ ਤਾਂ ਰਿਸ਼ਤੇ ਲਈ ਮਾਮੀਆਂ, ਮਾਸੀਆਂ ਦੱਸ ਪਾਉਂਦੀਆਂ। ਉਹ ਹੀ ਸਾਕ ਲਿਆਉਂਦੀਆਂ ਤੇ ਸਾਕ ਬਿਨਾਂ ਚਿੰਤਾ ਕੀਤੇ ਅਦਬ ਸਹਿਤ ਸਿਰੇ ਚੜ੍ਹ ਜਾਂਦੇ। ਸਾਡੀ ਦਾਦੀ ਮਾਂ 'ਰਾਜੋ' ਨੇ ਜਦੋਂ ਆਪਣੀ ਭਤੀਜੀ ਛਿੰਦਰੋ ਦਾ ਸਾਕ ਕਰਵਾਉਣਾ ਸੀ ਤਾਂ ਮੁੰਡਾ ਵੇਖਣ ਲਈ ਛਿੰਦਰੋ ਦਾ ਚਾਚਾ ਕੱਚਿਆਂ ਰਾਹਾਂ ਤੋਂ ਪੈਦਲ ਚਲ ਕੇ ਆਇਆ ਸੀ। ਸਾਰੇ ਪਾਣੀ- ਧਾਣੀ ਪੀ ਕੇ ਦਲਾਨ ਵਿੱਚ ਬੈਠੇ ਸਨ। ਜਿਹੜਾ ਮੁੰਡਾ ਵਿਖਾਉਣਾ ਸੀ, ਉਹ ਖੇਤ ਵਿੱਚ ਕਣਕ ਦੀ ਬਿਜਾਈ ਹਿਤ ਰੌਣੀ ਕਰਨ ਲਈ ਵੱਟਾਂ ਬੰਨੇ ਘੜਦਾ ਸੀ। ਉਸ ਨੂੰ ਬੁਲਾਉਣ ਲਈ ਇੱਕ ਜੁਆਕ ਨੂੰ ਇਹ ਕਹਿ ਕੇ ਖੇਤ ਭੇਜਿਆ ਕਿ ਉਸ ਨੂੰ ਕਹਿਣਾ ਘਰ ਵਿੱਚ ਬਹੁਤ ਜ਼ਰੂਰੀ ਕੰਮ ਹੈ। ਸਾਰੇ ਮੰਜਿਆਂ 'ਤੇ ਬੈਠੇ ਗੱਲਾਂ ਕਰ ਰਹੇ ਸਨ। ਜਦੋਂ ਮੁੰਡਾ ਅੰਦਰ ਵੜਿਆ ਤਾਂ ਉਹ ਸਿਰੋਂ ਨੰਗਾ, ਲੰਮਾ ਘਸਮੈਲਾ ਜਿਹਾ ਉਸ ਦੇ ਕੁੜਤਾ ਪਹਿਨਿਆ ਹੋਇਆ ਸੀ ਅਤੇ ਮੋਢੇ 'ਤੇ ਕਹੀ ਰੱਖੀ ਹੋਈ ਸੀ। ਉਸ ਦੇ ਨੰਗੇ ਪੈਰ ਤੇ ਗੋਡਿਆਂ ਤਕ ਮਿੱਟੀ ਚੜ੍ਹੀ ਹੋਈ। ਮੁੜਕੋ-ਮੁੜਕੀ ਹੋਏ ਲੜਕੇ ਦੇ ਪਿੰਡੇ 'ਤੇ ਧੂੜ ਜੰਮੀ ਹੋਈ ਸੀ। ਪੱਕੇ ਰੰਗ ਕਾਰਨ ਉਹ ਹੋਰ ਵੀ ਕਾਲਾ ਲੱਗੇ। ਇਸ ਸਭ ਨਾਲ ਉਸ ਦਾ ਚਿਹਰਾ ਮੋਹਰਾ ਅਣਪਛਾਤਾ ਜਿਹਾ ਬਣਿਆ ਹੋਇਆ ਸੀ। ਜਦੋਂ ਉਹ ਹਲਕਾ ਜਿਹਾ ਸਿਰ ਝੁਕਾ ਕੇ ਨੀਂਵੀਂ ਪਾ ਕੇ ਸੰਗਦਾ ਹੋਇਆ ਕੋਲੋਂ ਦੀ ਅੱਗੇ ਲੰਘਿਆ ਤਾਂ ਦਾਦੀ ਮਾਂ ਨੇ ਵੇਖਣ ਆਏ ਆਪਣੇ ਭਰਾ, ਮਤਲਬ ਛਿੰਦਰੋ ਦੇ ਚਾਚੇ ਨੂੰ ਆਖਿਆ 'ਮੰਗਲਾ! ਆਹ ਐ ਭਾਈ ਮੁੰਡਾ ਜੀਹਦੀ ਬਾਬਤ ਤੈਨੂੰ ਸੱਦਿਆ।' ਤਾਂ ਕਿਤਾਬੀ ਗਿਆਨ ਤੋਂ ਬਿਲਕੁਲ ਕੋਰੇ ਚਾਚੇ ਮੰਗਲ ਨੇ ਦ੍ਰਿਸ਼ਟ ਤੇ ਅਦ੍ਰਿਸ਼ਟ ਦੋਨਾਂ ਨੂੰ ਵਿਚਾਰ ਕੇ ਇਹ ਕਹਿ ਕੇ ਦਾਦੀ ਮਾਂ ਰਾਜੋ ਨੂੰ ਰੁਪਈਆ ਫੜਾ ਦਿੱਤਾ, 'ਰਾਜੋ! ਮੁੰਡਾ ਕਮਾਊ ਲੱਗਦਾ। ਮੇਰੀ ਜਾਚੇ ਕੁੜੀ ਭੁੱਖੀ ਨਹੀਂ ਮਰੂਗੀ। ਕਾਲੇ ਗੋਰੇ ਰੰਗ ਵਿੱਚ ਕੀ ਪਿਆ। ਹੱਥਾਂ ਵਿੱਚ ਬਰਕਤ ਹੋਣੀ ਚਾਹੀਦੀ ਐ। ਰਾਜੋ! ਸਾਡੇ ਵੱਲੋਂ 'ਹਾਂ' ਹੈ। ਜਦੋਂ ਕਰਨਾ ਹੋਇਆ ਦੱਸ ਦੇਣਾ।' **—ਗੱਜਣਵਾਲਾ ਸੁਖਮਿੰਦਰ**

**ਪੁਰਾਣੇ ਵੇਲਿਆਂ ਵਿੱਚ ਰਿਸ਼ਤੇ ਜੋੜਨ ਦੀਆਂ ਬਾਤਾਂ ਬਹੁਤ ਹੀ ਪਵਿੱਤਰ ਤੇ ਨਿਆਰੀਆਂ ਹੁੰਦੀਆਂ ਸਨ। ਉਦੋਂ ਸਾਕ ਕਰਾਉਣਾ ਪੁੰਨ ਦਾ ਕਾਰਜ ਸਮਝਿਆ ਜਾਂਦਾ ਸੀ। ਅੱਜ ਤਾਂ ਅਖ਼ਬਾਰਾਂ ਵਿੱਚ ਮੈਟਰੀਮੋਨੀਅਲ ਰਾਹੀਂ ਰਿਸ਼ਤੇ ਕੀਤੇ ਜਾਂਦੇ ਹਨ ਜੋ ਘੋਖਾਂ ਕਰਨ ਪਿੱਛੋਂ ਫਿਰ ਵੀ ਤੋੜ ਨਹੀਂ ਚੜ੍ਹਦੇ। ਪਹਿਲੇ ਵੇਲਿਆਂ ਵਿੱਚ ਜਦੋਂ ਧੀ- ਪੁੱਤ ਜੁਆਨ ਹੋ ਜਾਂਦਾ ਸੀ ਤਾਂ ਰਿਸ਼ਤੇ ਲਈ ਮਾਮੀਆਂ, ਮਾਸੀਆਂ ਦੱਸ ਪਾਉਂਦੀਆਂ। ਉਹ ਹੀ ਸਾਕ ਲਿਆਉਂਦੀਆਂ ਤੇ ਸਾਕ ਬਿਨਾਂ ਚਿੰਤਾ ਕੀਤੇ ਅਦਬ ਸਹਿਤ ਸਿਰੇ ਚੜ੍ਹ ਜਾਂਦੇ। ਸਾਡੀ ਦਾਦੀ ਮਾਂ 'ਰਾਜੋ' ਨੇ ਜਦੋਂ ਆਪਣੀ ਭਤੀਜੀ ਛਿੰਦਰੋ ਦਾ ਸਾਕ ਕਰਵਾਉਣਾ ਸੀ ਤਾਂ ਮੁੰਡਾ ਵੇਖਣ ਲਈ ਛਿੰਦਰੋ ਦਾ ਚਾਚਾ ਕੱਚਿਆਂ ਰਾਹਾਂ ਤੋਂ ਪੈਦਲ ਚਲ ਕੇ ਆਇਆ ਸੀ।**



OASIS WINDOWS INC.
OASIS WINDOWS clearly better windows
* Quality Products * Superior Service.
ENERGY STAR
Attractive, Energy Efficient And Quality Windows For Your Dream Home Or Housing Projects Or For Renovation
MEMBER BBB BC Mainland
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty

"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)

Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best
in our team of specialist
and let help you get to
where you want to go.
rcic · cric
License No. 562
TEJINDER GREWAL: 604-837-3101

# ਅੰਧਵਿਸ਼ਵਾਸ ਦੇ ਪਸਾਰ ਨੂੰ ਠੱਲ੍ਹਣ ਦੀ ਲੋੜ





ਯੁੱਗ ਵਿਗਿਆਨ ਦਾ ਹੈ, ਪਰ ਅੰਧਵਿਸ਼ਵਾਸ ਦਾ ਹਨੇਰਾ ਫਿਰ ਵੀ ਪਸਰ ਰਿਹਾ ਹੈ। ਵਿਗਿਆਨ ਨੇ ਆਪਣੀਆਂ ਖੋਜਾਂ ਤੋਂ ਪੈਦਾ ਕੀਤੀਆਂ ਸੁਖ ਸਹੂਲਤਾਂ ਨਾਲ ਮਨੁੱਖੀ ਜ਼ਿੰਦਗੀ ਦੀ ਕਾਇਆ ਕਲਪ ਕੀਤੀ ਹੈ, ਪਰ ਬਹੁਗਿਣਤੀ ਲੋਕਾਂ ਦੀ ਸੋਚ ਵਿੱਚ ਵਿਗਿਆਨਕ ਸੋਚ ਦਾ ਅੰਸ਼ ਮਾਤਰ ਵੀ ਸ਼ਾਮਲ ਨਹੀਂ। ਵਿਗਿਆਨ ਦੀ ਪੜ੍ਹਾਈ ਕਰਨ ਵਾਲੇ ਡਾਕਟਰ ਤਾਂ ਬਣ ਰਹੇ ਹਨ, ਪਰ ਉਨ੍ਹਾਂ ਦੀ ਇਹ ਪੜ੍ਹਾਈ ਆਪਣੀ ਖੱਟੀ ਕਮਾਈ ਤਕ ਹੀ ਸੀਮਿਤ ਹੋ ਕੇ ਰਹਿ ਗਈ ਹੈ। ਵਿਗਿਆਨੀਆਂ ਦੀ ਉਮਰਾਂ ਦੀ ਮਿਹਨਤ ਨਾਲ ਹੋਂਦ ਵਿੱਚ ਆਇਆ ਟੈਲੀਵੀਜ਼ਨ ਦਿਨ ਰਾਤ ਅਗਿਆਨਤਾ ਦਾ ਪਸਾਰ ਕਰਨ ਵਿੱਚ ਜੁਟਿਆ ਹੋਇਆ ਹੈ। ਜ਼ਿੰਦਗੀ ਨੂੰ ਕਰਮਾਂ- ਕਾਂਡਾਂ ਤੇ ਅੰਧਵਿਸ਼ਵਾਸਾਂ ਨੇ ਆਪਣੇ ਚੁੰਗਲ ਵਿੱਚ ਫਸਾ ਲਿਆ ਹੈ। ਤਰਕ ਦੀ ਲੋਅ ਅਗਿਆਨਤਾ ਦੇ ਹਨੇਰੇ ਨਾਲ ਜੂਝ ਤਾਂ ਰਹੀ ਹੈ, ਪਰ ਸਾਧਨਾਂ ਦੀ ਘਾਟ, ਰਾਜ ਅਤੇ ਧਰਮ ਦੇ ਗਠਜੋੜ ਦੇ ਚਲਦਿਆਂ ਹਨੇਰੇ ਨੂੰ ਬਣਦੀ ਟੱਕਰ ਨਹੀਂ ਦਿੱਤੀ ਜਾ ਰਹੀ। ਅਜਿਹੇ ਦੌਰ ਵਿੱਚ ਜ਼ਿੰਦਗੀ ਰੌਸ਼ਨੀ ਲਈ ਭਟਕ ਰਹੀ ਹੈ ਤੇ ਲੋਕਾਂ ਦੀ ਅਗਿਆਨਤਾ ਦਾ ਲਾਹਾ ਅੰਧਵਿਸ਼ਵਾਸਾਂ ਦੇ ਵਪਾਰੀ ਉਠਾ ਰਹੇ ਹਨ। ਭਾਰਤੀ ਸੰਵਿਧਾਨ ਵਿੱਚ ਦਰਜ 1954 ਦਾ ਅੰਧਵਿਸ਼ਵਾਸਾਂ ਦੀ ਰੋਕਥਾਮ ਸਬੰਧੀ ਕਾਨੂੰਨ ਜਾਦੂਈ ਇਸ਼ਤਿਹਾਰਬਾਜ਼ੀ 'ਤੇ ਕਿਸੇ ਵੀ ਕਿਸਮ ਦੀ ਦੈਵੀ ਸ਼ਕਤੀ ਦੇ ਦਾਅਵੇਦਾਰਾਂ ਦੇ ਗ਼ੈਰ ਵਿਗਿਆਨਕ ਪ੍ਰਚਾਰ-ਪਸਾਰ 'ਤੇ ਰੋਕ ਲਗਾਉਂਦਾ ਹੈ, ਪਰ ਅੰਧਵਿਸ਼ਵਾਸਾਂ ਦਾ ਧੰਦਾ ਲਗਾਤਾਰ ਵਧ ਫੁੱਲ ਰਿਹਾ ਹੈ। ਇਸ ਧੰਦੇ ਦਾ ਆਗਾਜ਼ ਸਵੇਰ ਸਾਰ ਹੀ ਸ਼ੁਰੂ ਹੋ ਜਾਂਦਾ ਹੈ ਜਿਹੜੇ ਮਰਜ਼ੀ ਟੀ. ਵੀ. ਚੈਨਲ ਨੂੰ ਚਲਾਈਏ, ਹਰੇਕ 'ਤੇ ਕਰਮਾਂ-ਕਾਂਡਾਂ, ਨਗਾਂ-ਰਾਸ਼ੀਆਂ ਨਾਲ ਜੀਵਨ ਨੂੰ ਸਫ਼ਲ ਬਣਾਉਣ ਦਾ ਝੂਠਾ ਪ੍ਰਚਾਰ ਸ਼ੁਰੂ ਹੁੰਦਾ ਹੈ। ਪੰਜਾਬ ਦੇ ਪਿੰਡਾਂ ਵਿੱਚ ਸਿਹਤ, ਸਿੱਖਿਆ ਦੀ ਸਰਕਾਰੀ ਸਹੂਲਤ ਭਾਵੇਂ ਨਾ ਹੋਵੇ, ਪਰ ਹਰ ਪਿੰਡ ਵਿੱਚ ਧਾਗੇ, ਤਵੀਤਾਂ, ਜਾਦੂ-ਮੰਤਰ ਤੇ ਹੱਥ ਹਥੌਲਿਆਂ ਨਾਲ ਇਲਾਜ ਕਰਨ ਵਾਲਿਆਂ ਦੀ ਕਮੀ ਨਹੀਂ। ਡਾਕਟਰੀ ਵਿਗਿਆਨ ਨੇ ਮਾਨਵ ਸਰੀਰ ਦੀ ਹਰ ਬਿਮਾਰੀ ਦਾ ਇਲਾਜ ਸੰਭਵ

**ਇਹ ਕੇਵਲ ਪੰਜਾਬ ਦੇ ਇੱਕ ਪਿੰਡ ਦੀ ਗਾਥਾ ਨਹੀਂ, ਸਗੋਂ ਅਜਿਹੇ ਕੂੜ ਦਾ ਪਸਾਰ ਪਿੰਡ-ਪਿੰਡ ਹੋ ਰਿਹਾ ਹੈ। ਅੰਧਵਿਸ਼ਵਾਸ ਫੈਲਾਉਣ ਵਾਲੇ ਇਨ੍ਹਾਂ ਅੱਡਿਆਂ ਵਿੱਚ ਗੂੰਜਦੀਆਂ ਢੋਲਕੀਆਂ, ਚਿਮਟਿਆਂ, ਛੈਣਿਆਂ ਦੀਆਂ ਆਵਾਜ਼ਾਂ ਤੇ ਮਨੋਰੋਗੀਆਂ ਦੀਆਂ ਚੀਕਾਂ ਭਰਮਾਂ ਦੇ ਗੁਬਾਰ ਵਿੱਚ ਗੁੰਮ ਹੋ ਕੇ ਰਹਿ ਜਾਂਦੀਆਂ ਹਨ। ਉਨ੍ਹਾਂ ਦੇ ਦਰਦ ਦੀ ਪੁਕਾਰ ਸੁਣਨ ਵਾਲਾ ਕੋਈ ਨਹੀਂ ਹੁੰਦਾ। ਇਸ ਗ਼ੈਰ ਕਾਨੂੰਨੀ ਧੰਦੇ ਨੂੰ ਸਿਹਤ ਵਿਭਾਗ ਤੇ ਪ੍ਰਸ਼ਾਸਨ 'ਚੁੱਪ-ਚਾਪ' ਵੇਖਦਾ ਹੈ।**

ਬਣਾਇਆ ਹੈ, ਪਰ ਲੋਕੀਂ ਨਾਮੁਰਾਦ ਬਿਮਾਰੀਆਂ ਦੇ ਇਲਾਜ ਲਈ ਡੇਰਿਆਂ, ਤਾਂਤਰਿਕਾਂ, ਚੇਲਿਆਂ ਤੇ ਗ਼ੈਬੀ ਸ਼ਕਤੀਆਂ ਦੇ ਅਖੌਤੀ ਦਾਅਵੇਦਾਰਾਂ ਕੋਲ ਭਟਕ ਰਹੇ ਹਨ। ਜਿੱਥੇ ਉਹ ਆਪਣੀ ਮਾਨਸਿਕ, ਸਰੀਰਕ ਤੇ ਆਰਥਿਕ ਲੁੱਟ ਕਰਵਾ ਰਹੇ ਹਨ। ਉਹ ਬਿਨਾਂ ਕਿਸੇ ਕਾਨੂੰਨੀ ਡਰ ਦੇ ਬੇਸ਼ਕੀਮਤੀ ਮਨੁੱਖੀ ਜਾਨਾਂ ਨਾਲ ਖਿਲਵਾੜ ਕਰ ਰਹੇ ਹਨ। ਪਿਛਲੇ ਮਹੀਨੇ ਬਠਿੰਡਾ ਜ਼ਿਲ੍ਹੇ ਦੇ ਕੋਟ ਫੱਤਾ ਪਿੰਡ ਵਿੱਚ ਬੱਚਿਆਂ ਦੀ ਬਲੀ ਦੇਣ ਦੀ ਘਟਨਾ ਇਸ ਗੱਲ ਦੀ ਗਵਾਹ ਹੈ।

ਇਹ ਕੇਵਲ ਪੰਜਾਬ ਦੇ ਇੱਕ ਪਿੰਡ ਦੀ ਗਾਥਾ ਨਹੀਂ, ਸਗੋਂ ਅਜਿਹੇ ਕੂੜ ਦਾ ਪਸਾਰ ਪਿੰਡ-ਪਿੰਡ ਹੋ ਰਿਹਾ ਹੈ। ਅੰਧਵਿਸ਼ਵਾਸ ਫੈਲਾਉਣ ਵਾਲੇ ਇਨ੍ਹਾਂ ਅੱਡਿਆਂ ਵਿੱਚ ਗੂੰਜਦੀਆਂ ਢੋਲਕੀਆਂ, ਚਿਮਟਿਆਂ, ਛੈਣਿਆਂ ਦੀਆਂ ਆਵਾਜ਼ਾਂ ਤੇ ਮਨੋਰੋਗੀਆਂ ਦੀਆਂ ਚੀਕਾਂ ਭਰਮਾਂ ਦੇ ਗੁਬਾਰ ਵਿੱਚ ਗੁੰਮ ਹੋ ਕੇ ਰਹਿ ਜਾਂਦੀਆਂ ਹਨ। ਉਨ੍ਹਾਂ ਦੇ ਦਰਦ ਦੀ ਪੁਕਾਰ ਸੁਣਨ ਵਾਲਾ ਕੋਈ ਨਹੀਂ ਹੁੰਦਾ। ਇਸ ਗ਼ੈਰ ਕਾਨੂੰਨੀ ਧੰਦੇ ਨੂੰ ਸਿਹਤ ਵਿਭਾਗ ਤੇ ਪ੍ਰਸ਼ਾਸਨ 'ਚੁੱਪ-ਚਾਪ' ਵੇਖਦਾ ਹੈ। ਇਸੇ ਲਈ ਦਾਰੂ, ਭੰਗ ਤੇ ਚਿਲਮਾਂ ਦੇ ਨਸ਼ੇ ਵਿੱਚ ਚੂਰ ਹੋ ਕੇ ਅੰਧਵਿਸ਼ਵਾਸਾਂ ਦਾ ਧੰਦਾ ਕਰਨ ਵਾਲੇ ਚੇਲੇ, ਅਖੌਤੀ ਬਾਬੇ ਸਮਾਜ ਵਿੱਚ 'ਸਿਆਣਿਆਂ' ਦੇ ਰੁਤਬੇ ਨਾਲ ਐਸ਼ ਭਰਿਆ ਜੀਵਨ ਬਤੀਤ ਕਰ ਰਹੇ ਹਨ। ਪੰਜਾਬ ਵਿੱਚ ਅਨੇਕਾਂ ਵਾਰ ਅੰਧਵਿਸ਼ਵਾਸ ਮਨੁੱਖੀ ਜਾਨਾਂ ਦੀ ਬਲੀ ਲੈ ਚੁੱਕਾ ਹੈ, ਪਰ ਸਰਕਾਰਾਂ ਨੇ ਅਜਿਹਾ ਹੋਣ ਤੋਂ ਰੋਕਣ ਲਈ ਕੋਈ ਸਾਰਥਿਕ ਕਦਮ ਨਹੀਂ ਚੁੱਕੇ। ਹੁਣ ਵੀ ਕੋਟ ਫੱਤੇ ਦੀ ਘਟਨਾ ਤੋਂ ਬਾਅਦ ਕਿਸੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਕੋਈ ਨੋਟਿਸ ਤਕ ਨਹੀਂ ਲਿਆ। ਇਸ ਕੁੱਲ ਵਰਤਾਰੇ ਪਿੱਛੇ ਰਾਜ ਪ੍ਰਬੰਧ ਦੀ ਅਣਦੇਖੀ, ਸਮਾਜ ਵਿੱਚ ਪਸਰੀ ਅਗਿਆਨਤਾ,ਅੰਧਵਿਸ਼ਵਾਸਾਂ ਦਾ ਕੂੜ ਪ੍ਰਚਾਰ, ਨਾ ਬਰਾਬਰੀ ਵਾਲਾ ਪ੍ਰਬੰਧ ਤੇ ਦੈਵੀ ਸ਼ਕਤੀਆਂ ਨਾਲ ਸਭ ਕੁਝ ਹਾਸਲ ਕਰਨ ਦੀ ਗ਼ੈਰ ਵਿਗਿਆਨਕ ਧਾਰਨਾ ਆਦਿ ਕਈ ਕਾਰਨ ਹਨ ਜਿਨ੍ਹਾਂ ਦਾ ਸਥਾਈ ਹੱਲ ਕੀਤੇ ਬਿਨਾਂ ਅੰਧਵਿਸ਼ਵਾਸ ਦੇ ਸਾਏ ਹੇਠ ਸਹਿਕਦੀਆਂ ਜ਼ਿੰਦਗੀਆਂ ਤੇ ਸਮਾਜ ਦਾ ਭਲਾ ਸੰਭਵ ਨਹੀਂ। ਭਾਵੇਂ ਪੰਜਾਬ ਦੀ ਤਰਕਸ਼ੀਲ ਲਹਿਰ ਵਿਗਿਆਨਕ ਚੇਤਨਾ ਦੇ ਪਸਾਰ ਲਈ ਸ਼ਲਾਘਾਯੋਗ ਰੋਲ ਨਿਭਾ ਰਹੀ ਹੈ, ਪਰ ਫਿਰ ਵੀ ਵੱਡੀ ਪੱਧਰ 'ਤੇ ਫੈਲੇ ਇਸ ਧੰਦੇ ਨੂੰ ਮਾਤ ਦੇਣ ਲਈ ਵਿਗਿਆਨਕ ਸੂਝ ਰੂਪੀ ਮਸ਼ਾਲ ਨਾਲ ਚੇਤੰਨ ਸਮਾਜ ਦੀ ਸਥਾਪਨਾ ਵੱਲ ਵਧਣਾ ਲਾਜ਼ਮੀ ਸ਼ਰਤ ਹੈ।

**—ਰਾਮ ਸਿੰਘ ਲੱਖੇਵਾਲੀ**

ROHITA PANNU
LAW CORPORATION
BARRISTER & SOLICITOR




SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੌਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8

# ਹਰ ਕੋਈ ਚਾਹੇ ਤੁਹਾਡੇ ਵਰਗਾ ਬਣਨਾ

ਯਾਹੂਦੀ ਲੋਕਾਂ ਦੀ ਇਕ ਕਹਾਵਤ ਹੈ ਕਿ ਜੀਵਨ ਸਭ ਤੋਂ ਵਧੀਆ ਸੌਦਾ ਹੁੰਦਾ ਹੈ, ਕਿਉਂਕਿ ਇਹ ਸਾਨੂੰ ਬਿਨਾਂ ਕਿਸੇ ਕੀਮਤ ਤੋਂ ਮਿਲਿਆ ਹੈ। ਇਹ ਸਾਡੇ ਹੱਥ-ਵੱਸ ਹੈ ਕਿ ਅਸੀਂ ਆਪਣੇ ਜੀਵਨ ਨੂੰ ਖ਼ੂਬਸੂਰਤ ਬਣਾ ਸਕਦੇ ਹਾਂ। ਇਹ ਸਾਡੀ ਕਿਸਮਤ ’ਤੇ ਨਹੀਂ, ਬਲਕਿ ਇਹ ਸਾਡੀ ਆਪਣੀ ਸੋਚ, ਆਦਤ ਅਤੇ ਸੁਭਾਅ ’ਤੇ ਨਿਰਭਰ ਕਰਦਾ ਹੈ। ਤੁਸੀਂ ਸੁੰਦਰ ਹੋ, ਕਿਉਂਕਿ ਤੁਹਾਡੇ ਕੋਲ ਚੰਗਾ ਸੁਭਾਅ ਹੈ। ਤੁਸੀਂ ਅਮੀਰ ਹੋ, ਕਿਉਂਕਿ ਤੁਹਾਡੇ ਕੋਲ ਚਰਿੱਤਰ ਦੀ ਅਮੀਰੀ ਹੈ। ਤੁਸੀਂ ਹਰਮਨ-ਪਿਆਰੇ ਹੋ, ਕਿਉਂਕਿ ਤੁਹਾਡੇ ਵਿਚ ਨਿਮਰਤਾ ਹੈ। ਹਰ ਕੋਈ ਤੁਹਾਨੂੰ ਪਸੰਦ ਕਰਦਾ ਹੈ, ਕਿਉਂਕਿ ਤੁਹਾਡੇ ਕੋਲ ਗੱਲਬਾਤ ਕਰਨ ਦਾ ਸਲੀਕਾ ਹੈ। ਤੁਸੀਂ ਕਦੇ ਵੀ ਨਿਰਾਸ਼ ਨਹੀਂ ਹੁੰਦੇ, ਕਿਉਂਕਿ ਤੁਹਾਡੀ ਸੋਚ ਉਸਾਰੂ ਹੈ। ਤੁਹਾਡੀਆਂ ਆਦਤਾਂ ਤੁਹਾਡੇ ਸੁਹੱਪਣ ਵਿਚ ਹੋਰ ਵੀ ਵਾਧਾ ਕਰਦੀਆਂ ਹਨ। ਸਿਰਫ਼ ਆਪਣੀਆਂ ਹੀ ਗ਼ਲਤੀਆਂ ਤੋਂ ਨਹੀਂ, ਬਲਕਿ ਦੂਜਿਆਂ ਦੀਆਂ ਗ਼ਲਤੀਆਂ ਤੋਂ ਵੀ ਸਿੱਖੋ। ਤੁਹਾਨੂੰ ਕੋਈ ਧੋਖਾ ਨਹੀਂ ਦੇ ਸਕਦਾ, ਕਿਉਂਕਿ ਤੁਹਾਡੇ ਕੋਲ ਬੁੱਧੀ ਹੈ। ਅਕਸਰ ਨੇਕ ਇਰਾਦਾ ਅਤੇ ਚੰਗੇ ਵਿਚਾਰ ਜ਼ਿੰਦਗੀ ਨੂੰ ਬਦਲ ਦਿੰਦੇ ਹਨ। ਇਸਤਰੀ ਧਰਤੀ ਉੱਪਰ ਰੱਬ ਦਾ ਦੂਤ ਹੈ। ਕਲਪਨਾ ਚਾਵਲਾ ਅਮੀਰ ਮਾਪਿਆਂ ਦੀ ਧੀ ਨਹੀਂ ਸੀ, ਪਰ ਉਸ ਕੋਲ ਇਕ ਸੋਚ ਸੀ, ਇਕ ਇਰਾਦਾ ਸੀ। ਮਿਹਨਤ ਨਾਲ ਸਾਰੇ ਫਰਕ ਮਿਟ ਜਾਂਦੇ ਹਨ। ਮਦਰ ਟਰੇਸਾ ਕੋਲ ਪੂੰਜੀ ਨਹੀਂ ਸੀ ਅਤੇ ਨਾ ਹੀ ਉਸ ਦਾ ਕੋਈ ਸਕਾ-ਸਬੰਧੀ ਸੀ, ਪਰ ਉਸ ਕੋਲ ਮਮਤਾ ਸੀ, ਦਇਆ ਸੀ ਅਤੇ ਕੁਝ ਕਰ ਗੁਜ਼ਰਨ ਦਾ ਹੌਸਲਾ। ਆਪਣੇ ਇਨ੍ਹਾਂ ਗੁਣਾਂ ਕਰਕੇ ਉਸ ਨੇ ਇਸ ਸੰਸਾਰ ’ਚ ਆਪਣੀ ਵੱਖਰੀ ਥਾਂ ਬਣਾਈ।

**ਤੁਸੀਂ ਹਰਮਨ-ਪਿਆਰੇ ਹੋ, ਕਿਉਂਕਿ ਤੁਹਾਡੇ ਵਿਚ ਨਿਮਰਤਾ ਹੈ। ਹਰ ਕੋਈ ਤੁਹਾਨੂੰ ਪਸੰਦ ਕਰਦਾ ਹੈ, ਕਿਉਂਕਿ ਤੁਹਾਡੇ ਕੋਲ ਗੱਲਬਾਤ ਕਰਨ ਦਾ ਸਲੀਕਾ ਹੈ। ਤੁਸੀਂ ਕਦੇ ਵੀ ਨਿਰਾਸ਼ ਨਹੀਂ ਹੁੰਦੇ, ਕਿਉਂਕਿ ਤੁਹਾਡੀ ਸੋਚ ਉਸਾਰੂ ਹੈ। ਤੁਹਾਡੀਆਂ ਆਦਤਾਂ ਤੁਹਾਡੇ ਸੁਹੱਪਣ ਵਿਚ ਹੋਰ ਵੀ ਵਾਧਾ ਕਰਦੀਆਂ ਹਨ।**

ਇਸ ਜ਼ਿੰਦਗੀ ਦੇ ਅਸੀਂ ਉਸ ਸਮੇਂ ਤੱਕ ਹੀ ਮਾਲਕ ਹਾਂ, ਜਿੰਨਾ ਸਮਾਂ ਸਾਡੇ ਵਿਚ ਸਾਹ ਚਲਦੇ ਹਨ। ਇਸ ਲਈ ਆਪਣੀ ਜ਼ਿੰਦਗੀ ਨੂੰ ਪ੍ਰਸੰਨ-ਚਿੱਤ ਬਣਾਓ। ਤੁਸੀਂ ਆਪਣੀ ਮਰਜ਼ੀ ਨਾਲ ਦੋਸਤ ਬਣਾਓ ਪਰ ਹਰ ਕੋਈ ਤੁਹਾਨੂੰ ਆਪਣਾ ਦੋਸਤ ਬਣਾਉਣਾ ਚਾਹੇ। ਤੁਸੀਂ ਸੋਚ-ਸਮਝ ਕੇ ਰਿਸ਼ਤੇ ਦੀ ਚੋਣ ਕਰੋ ਪਰ ਜ਼ਿੰਦਗੀ ਇਸ ਤਰ੍ਹਾਂ ਦੀ ਹੋਵੇ ਕਿ ਹਰ ਕੋਈ ਤੁਹਾਨੂੰ ਰਿਸ਼ਤੇਦਾਰ ਬਣਾਉਣ ਬਾਰੇ ਸੋਚੇ। ਆਪਣੀ ਜੀਵਨ-ਸ਼ੈਲੀ ਨੂੰ ਆਦਰਸ਼ ਬਣਾਓ ਤਾਂ ਕਿ ਹਰ ਕੋਈ ਤੁਹਾਡੇ ਵਰਗਾ ਬਣਨਾ ਚਾਹੇ।

ਤੁਸੀਂ ਹਜ਼ਾਰਾਂ ਵਿਚੋਂ ਨਹੀਂ, ਬਲਕਿ ਲੱਖਾਂ ਵਿਚੋਂ ਇਕ ਹੋ। ਸਹੀ ਅਰਥਾਂ ਵਿਚ ਤੁਸੀਂ ਜ਼ਿੰਦਗੀ ਦੇ ਕਲਾਕਾਰ ਹੋ। ਤੁਹਾਡੇ ਕੋਲ ਕਾਬਲੀਅਤ ਹੈ, ਯੋਗਤਾ ਹੈ, ਸੋਚ ਅਤੇ ਚਰਿੱਤਰ ਹੈ, ਜ਼ਿੰਦਗੀ ਜਿਊਣ ਦਾ ਸਲੀਕਾ ਹੈ। ਤੁਹਾਡੇ ਕੋਲ ਚੰਗੇ ਫੈਸਲੇ ਕਰਨ ਵਾਲਾ ਦਿਮਾਗ ਹੈ, ਆਪਣੇ ਫੈਸਲਿਆਂ ’ਤੇ ਅਮਲ ਕਰਨ ਦੀ ਹਿੰਮਤ ਹੈ।

ਅਜਿਹੀਆਂ ਮਾਣਮੱਤੀਆਂ ਧੀਆਂ ’ਤੇ ਜ਼ਮਾਨਾ ਨਾਜ਼ ਕਰਦਾ ਹੈ। ਬੇਸ਼ੱਕ ਰਸਤੇ ਵਿਚ ਕਠਿਨਾਈਆਂ ਬਹੁਤ ਹਨ ਪਰ ਤੁਹਾਡੇ ਕੋਲ ਆਪਣੇ ਰਸਤੇ ਆਪ ਬਣਾਉਣ ਦਾ ਇਰਾਦਾ ਅਤੇ ਹੁਨਰ ਹੈ। ਨਿਰਸੰਦੇਹ ਤੁਹਾਡੀ ਸ਼ਖ਼ਸੀਅਤ ਜੱਗ ਲਈ ਪ੍ਰੇਰਨਾ ਹੈ।



# ਬੱਚੇ ਦੀ ਪਹਿਲੀ ਗੁਰੂ ਉਸ ਦੀ ਮਾਂ



ਸਾਫ਼-ਸੁਥਰੇ ਅਤੇ ਸੁਚੱਜੇ ਸਮਾਜ ਦੀ ਰਚਨਾ ਤਾਂ ਹੀ ਹੋ ਸਕਦੀ ਹੈ ਜੇ ਉਸ ਦੇ ਸ਼ਹਿਰੀ ਪੜ੍ਹੇ-ਲਿਖੇ ਅਤੇ ਸੂਝਵਾਨ ਹੋਣਗੇ। ਇਸ ਲਈ ਬੱਚੇ ਨੂੰ ਜਨਮ ਤੋਂ ਹੀ ਚੰਗੇ ਸੰਸਕਾਰ ਦੇਣੇ ਸਭ ਤੋਂ ਪਹਿਲਾਂ ਉਸ ਦੀ ਮਾਂ ਦੀ ਹੀ ਜ਼ਿੰਮੇਵਾਰੀ ਬਣਦੀ ਹੈ। ਛੋਟੇ ਬੱਚੇ ਦੀ ਦੇਖਭਾਲ ਅਸੀਂ ਬਹੁਤ ਹੀ ਸੁਚੇਤ ਹੋ ਕੇ ਕਰਦੇ ਹਾਂ ਪਰ ਜਦੋਂ ਕੁਝ ਵੱਡਾ ਹੋ ਕੇ ਸਕੂਲ ਜਾਣ ਲਗਦਾ ਹੈ ਤਾਂ ਅਸੀਂ ਸਮਝਦੇ ਹਾਂ ਕਿ ਸਾਡਾ ਕੰਮ ਹੁਣ ਉਸ ਨੂੰ ਬਰੇਕਫਾਸਟ ਕਰਵਾ ਕੇ ਸਕੂਲ ਬੈਗ ਉਸ ਦੇ ਮੋਢੇ ’ਤੇ ਟੰਗ ਦੇਣਾ ਹੈ, ਬਾਕੀ ਜ਼ਿੰਮੇਵਾਰੀ ਸਕੂਲ ਅਧਿਆਪਕਾਂ ’ਤੇ ਛੱਡ ਦਿੰਦੇ ਹਾਂ। ਬੱਚਾ ਸਕੂਲ ਵਿਚ ਕਿਵੇਂ ਵਿਚਰਦਾ ਹੈ, ਉਸ ਨੂੰ ਸਕੂਲ ਦਾ ਵਾਤਾਵਰਨ ਰਾਸ ਆਇਆ ਹੈ ਕਿ ਨਹੀਂ, ਉਸ ਦਾ ਹੋਮਵਰਕ ਠੀਕ ਢੰਗ ਨਾਲ ਹੁੰਦਾ ਹੈ ਜਾਂ ਨਹੀਂ ਆਦਿ ਵਿਸ਼ੇਸ਼ ਗੱਲਾਂ ਵੱਲ ਅਸੀਂ ਘੱਟ ਧਿਆਨ ਦੇਣ ਲੱਗ ਜਾਂਦੇ ਹਾਂ। ਸਾਨੂੰ ਸਕੂਲ ਜਾਂਦੇ ਬੱਚੇ ਦੀ ਹਰ ਜ਼ਰੂਰਤ ਦਾ ਧਿਆਨ ਰੱਖਣਾ ਚਾਹੀਦਾ ਹੈ। ਰੋਜ਼ ਸਵੇਰੇ ਸਕੂਲ ਜਾਣ ਸਮੇਂ ਉਸ ਦੇ ਸਕੂਲ ਬੈਗ ਦੀ ਜਾਂਚ ਕਰੋ, ਉਸ ਵਿਚ ਕੋਈ ਵੀ ਚੀਜ਼ ਘੱਟ ਹੈ, ਉਸ ਨੂੰ ਪੂਰਾ ਕਰਕੇ ਸਕੂਲ ਭੇਜੋ, ਸਕੂਲ, ਪੈੱਨ, ਪੈਨਸਿਲ ਜਾਂ ਕੋਈ ਵੀ ਚੀਜ਼ ਘੱਟ ਹੈ ਤਾਂ ਪੂਰੀ ਕਰਕੇ ਭੇਜੋ ਤਾਂ ਕਿ ਸਕੂਲ ਜਾ ਕੇ ਉਸ ਨੂੰ ਅਧਿਆਪਕ ਦੀਆਂ ਝਿੜਕਾਂ ਨਾ ਸਹਿਣੀਆਂ ਪੈਣ। ਜੇ ਅਸੀਂ ਬੱਚੇ ਦਾ ਬੈਗ ਮੁਕੰਮਲ ਕਰਕੇ ਨਹੀਂ ਭੇਜਦੇ ਤਾਂ ਉਹ ਸਾਥੀਆਂ ਦੀਆਂ ਚੀਜ਼ਾਂ ਚੋਰੀ ਚੁੱਕਣਾ ਸ਼ੁਰੂ ਕਰ ਦੇਵੇਗਾ, ਬਸ ਇਥੋਂ ਹੀ ਬੱਚਾ ਚੋਰੀ ਦੀ ਆਦਤ ਗ੍ਰਹਿਣ ਕਰ ਲਵੇਗਾ। ਇਸ ਲਈ ਜਦੋਂ ਵੀ ਤੁਹਾਡਾ ਬੱਚਾ ਕੋਈ ਚੋਰੀ ਦੀ ਚੀਜ਼ ਘਰ ਲੈ ਕੇ ਆਵੇ ਤਾਂ ਤੁਰੰਤ ਉਸ ਨੂੰ ਸਖਤੀ ਨਾਲ ਰੋਕ ਦਿਓ ਅਤੇ ਸਮਝਾਓ ਕਿ ਚੋਰੀ ਕਰਨਾ ਪਾਪ ਹੈ। ਜੇਕਰ ਤੁਸੀਂ ਛੋਟੇ ਬੱਚੇ ਨੂੰ ਹੀ ਚੋਰੀ ਕਰਨ ਤੋਂ ਰੋਕ ਦਿਓ ਤਾਂ ਬਹੁਤ ਚੰਗੀ ਗੱਲ, ਜੇਕਰ ਨਹੀਂ ਰੋਕ ਸਕਦੇ ਤਾਂ ਉਹ ਹੌਲੀ-ਹੌਲੀ ਚੋਰੀ ਕਰਨ ਦੇ ਕੰਮ ਵਿਚ ਪੱਕਾ ਹੋ ਜਾਵੇਗਾ। ਬੱਚਾ ਵੱਡਾ ਹੋ ਕੇ ਸਕੂਲ, ਕਾਲਜ ਜਾਣ ਲਗਦਾ ਹੈ ਤਾਂ ਤੁਹਾਡੀਆਂ ਜ਼ਿੰਮੇਵਾਰੀਆਂ ਹੋਰ ਵੀ ਵਧ ਸਕਦੀਆਂ ਹਨ। ਅੱਜ ਕੱਲ੍ਹ ਵਿੱਦਿਅਕ ਸੰਸਥਾਵਾਂ ਵਿਚ ਨਸ਼ਿਆਂ ਦੀ ਭਰਮਾਰ ਚੱਲ ਰਹੀ ਹੈ। ਇਸ ਬੁਰੀ ਆਦਤ ਤੋਂ ਬਚਾਉਣ ਲਈ ਤੁਸੀਂ ਆਪਣੇ ਬੱਚੇ ’ਤੇ ਪੂਰੀ ਨਜ਼ਰ ਰੱਖੋ। ਉਸ ਦੇ ਸਕੂਲ ਆਉਣ-ਜਾਣ ਦਾ ਸਮਾਂ, ਉਸ ਦੇ ਸਾਥੀ ਵਿਦਿਆਰਥੀਆਂ ਦੀ ਸੰਗਤ ਅਤੇ ਜੇਕਰ ਸ਼ਾਮ ਨੂੰ ਜਿਮ ਆਦਿ ਜਾਂਦਾ ਹੈ ਤਾਂ ਇਹ ਸਭ ਕੁਝ ਤੁਹਾਡੀ ਨਿਗਰਾਨੀ ਵਿਚ ਹੋਣਾ ਚਾਹੀਦਾ ਹੈ। ਉਸ ਦੇ ਜੇਬ ਖਰਚ ਦਾ ਵੀ ਧਿਆਨ ਰੱਖੋ, ਕੋਸ਼ਿਸ਼ ਇਹ ਕਰੋ ਕਿ ਉਹ ਘਰ ਦੀਆਂ ਬਣੀਆਂ ਚੀਜ਼ਾਂ ਹੀ ਖਾਵੇ। ਬਾਜ਼ਾਰੂ ਖਾਣਾ ਜਿਥੇ ਸਿਹਤ ਲਈ ਹਾਨੀਕਾਰਕ ਹੈ, ਉਥੇ ਹੋਰ ਵੀ ਬਹੁਤ ਸਾਰੀਆਂ ਗ਼ਲਤ ਆਦਤਾਂ ਦਾ ਕਾਰਨ ਬਣਦਾ ਹੈ। ਕੰਟੀਨ, ਟੱਕ ਸ਼ਾਪ ਆਦਿ ’ਤੇ ਰੋਜ਼ ਸਾਥੀਆਂ ਸਮੇਤ ਬੈਠਣ ਦੀ ਆਦਤ ਪੱਕ ਜਾਂਦੀ ਹੈ, ਫਿਰ ਘਰ ਦਾ ਖਾਣਾ ਪਸੰਦ ਹੀ ਨਹੀਂ ਆਉਂਦਾ, ਕਿਉਂਕਿ ਮਸਾਲੇਦਾਰ ਭੋਜਨ ਦੀ ਆਦਤ ਪੈ ਜਾਂਦੀ ਹੈ। ਬੱਚੇ ਨੂੰ ਚੰਗਾ ਸ਼ਹਿਰੀ ਬਣਾਉਣ ਵਿਚ ਮਾਤਾ-ਪਿਤਾ ਦੀ ਵਿਸ਼ੇਸ਼ ਜ਼ਿੰਮੇਵਾਰੀ ਹੈ, ਕੇਵਲ ਉਸ ਦੇ ਅਧਿਆਪਕਾਂ ’ਤੇ ਹੀ ਨਿਰਭਰ ਨਹੀਂ ਕਰਨਾ ਚਾਹੀਦਾ।


**ਬੱਚੇ ਨੂੰ ਚੰਗਾ ਸ਼ਹਿਰੀ ਬਣਾਉਣ ਵਿਚ ਮਾਤਾ-ਪਿਤਾ ਦੀ ਵਿਸ਼ੇਸ਼ ਜ਼ਿੰਮੇਵਾਰੀ ਹੈ, ਕੇਵਲ ਉਸ ਦੇ ਅਧਿਆਪਕਾਂ ’ਤੇ ਹੀ ਨਿਰਭਰ ਨਹੀਂ ਕਰਨਾ ਚਾਹੀਦਾ।**

# ਬਰਸਾਤ ਦੇ ਦਿਨਾਂ ’ਚ ਘਰ ਦੀ ਸਫ਼ਾਈ ਦੀ ਮਹੱਤਤਾ

ਘਰ ਦੀ ਸਫ਼ਾਈ ਦੀ ਮਹੱਤਤਾ ਤੋਂ ਹਰੇਕ ਵਿਅਕਤੀ ਭਲੀਭਾਂਤ ਜਾਣੂ ਹੈ। ਪਰ ਬਰਸਾਤ ਦੇ ਦਿਨਾਂ ਵਿਚ ਇਸ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਇਨ੍ਹਾਂ ਦਿਨਾਂ ਵਿਚ ਘਰ ਦੀ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ, ਕਿਉਂਕਿ ਇਨ੍ਹਾਂ ਦਿਨਾਂ ਵਿਚ ਵਰਖਾ ਹੋਣ ਕਾਰਨ ਮੌਸਮ ਵਿਚ ਸਿੱਲ੍ਹ ਰਹਿਣ ਲਗਦੀ ਹੈ। ਮੱਖੀ, ਮੱਛਰ ਅਤੇ ਹੋਰ ਜੀਵਾਣੂ, ਕੀਟਾਣੂ ਪੈਦਾ ਹੋ ਜਾਂਦੇ ਹਨ, ਜੋ ਕਿ ਕਈ ਕਿਸਮ ਦੀਆਂ ਬਿਮਾਰੀਆਂ ਫੈਲਾਉਂਦੇ ਹਨ, ਡੇਂਗੂ ਬੁਖਾਰ ਫੈਲਦਾ ਹੈ, ਕਿਉਂਕਿ ਡੇਂਗੂ ਬੁਖਾਰ ਦੇ ਕੀਟਾਣੂ, ਜੀਵਾਣੂ ਖੜ੍ਹੇ ਪਾਣੀ ਕਰਕੇ ਪੈਦਾ ਹੁੰਦੇ ਹਨ। ਇਸ ਲਈ ਬਾਲਟੀਆਂ, ਡੱਬਿਆਂ, ਕੂਲਰਾਂ ਵਿਚਲਾ ਪਾਣੀ ਕੱਢ ਕੇ ਕੂਲਰ ਸਾਫ਼ ਕਰ ਦੇਣੇ ਚਾਹੀਦੇ ਹਨ। ਲੋੜ ਤੋਂ ਬਿਨਾਂ ਫਲੱਸ਼ ਦੀ ਸੀਟ ਉੱਤੇ ਢੱਕਣ ਦੇ ਕੇ ਰੱਖੋ। ਇਨ੍ਹਾਂ ਦਿਨਾਂ ਵਿਚ ਸਿੱਲ੍ਹ ਕਾਰਨ ਦਰਵਾਜ਼ੇ, ਖਿੜਕੀਆਂ, ਚੁਗਾਠਾਂ ਅਤੇ ਕੱਪ-ਬੋਰਡਾਂ ਨੂੰ ਸਿਉਂਕ ਲੱਗਣ ਦਾ ਡਰ ਰਹਿੰਦਾ ਹੈ, ਇਸ ਲਈ ਸਿਉਂਕ ਵਾਲੀ ਦਵਾਈ ਦਾ ਇਨ੍ਹਾਂ ਉੱਤੇ ਛਿੜਕਾਓ ਕਰਨਾ ਚਾਹੀਦਾ ਹੈ। ਧੁੱਪ ਨਿਕਲਣ ’ਤੇ ਦਰਵਾਜ਼ੇ, ਖਿੜਕੀਆਂ ਨੂੰ ਖੋਲ੍ਹ ਦਿਓ। ਬੰਦ ਡੱਬਿਆਂ ’ਚ ਰੱਖੀਆਂ ਸੁੱਕੀਆਂ ਦਾਲਾਂ, ਚੌਲ, ਅਚਾਰ ਵਗੈਰਾ ਨੂੰ ਡੱਬਿਆਂ ਵਿਚੋਂ ਬਾਹਰ ਕੱਢ ਕੇ ਸਾਫ਼ ਕਰਕੇ



ਧੁੱਪ ਲਵਾ ਲੈਣੀ ਚਾਹੀਦੀ ਹੈ। ਕਿਉਂਕਿ ਇਨ੍ਹਾਂ ਨੂੰ ਜੀਵ-ਜੰਤੂ ਤੇ ਉੱਲੀ ਲੱਗਣ ਦਾ ਡਰ ਰਹਿੰਦਾ ਹੈ। ਡੱਬਿਆਂ ਦੇ ਢੱਕਣ ਘੁੱਟ ਕੇ ਬੰਦ ਕਰਕੇ ਰੱਖਣੇ ਚਾਹੀਦੇ ਹਨ ਤਾਂ ਕਿ ਡੱਬਿਆਂ ਵਿਚ ਰੱਖੀਆਂ ਵਸਤਾਂ ਨੂੰ ਸਿੱਲ੍ਹ ਨਾ ਚੜ੍ਹੇ। ਰਸੋਈ ਵਿਚ ਸਿੰਕ ਵਿਚ ਜੂਠੇ ਬਰਤਨਾਂ ਵਿਚ ਪਾਣੀ ਪਾ ਕੇ ਤੇ ਡੋਲ੍ਹ ਕੇ ਰੱਖਣੇ ਚਾਹੀਦੇ ਹਨ। ਜੂਠੇ ਬਰਤਨਾਂ ਨੂੰ ਚੰਗੀ ਤਰ੍ਹਾਂ ਪਾਣੀ ਨਾਲ ਸਾਫ਼ ਕਰੋ ਤਾਂ ਕਿ ਉਨ੍ਹਾਂ ਉੱਤੇ ਸਾਬਣ ਲੱਗਾ ਨਾ ਰਹਿ ਜਾਵੇ। ਰਸੋਈ ਦੇ ਸਿੰਕ ਅਤੇ ਫਰਸ਼ ਉੱਤੇ ਥੁੱਕਣਾ ਨਹੀਂ ਚਾਹੀਦਾ। ਇਨ੍ਹਾਂ ਦਿਨਾਂ ਵਿਚ ਘਰ ਵਿਚ ਲੱਗੇ ਜਾਲੇ ਵੀ ਸਾਫ਼ ਕਰੋ। ਧੁੱਪ ਨਿਕਲਣ ਉੱਤੇ ਜੁੱਤਿਆਂ ਨੂੰ ਵੀ ਧੁੱਪ ਵਿਚ ਰੱਖਣਾ ਚਾਹੀਦਾ ਹੈ। ਘਰ ਦੇ ਖਲ-ਖੂੰਜਿਆਂ ਦੀ ਸਫ਼ਾਈ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਘਰ ਵਿਚ ਪਏ ਵਾਧੂ-ਘਾਟੂ ਸਮਾਨ ਦੀ ਜਾਂ ਤਾਂ ਮੁਰੰਮਤ ਕਰਵਾ ਲਵੋ ਜਾਂ ਉਸ ਨੂੰ ਬਾਹਰ ਸੁੱਟ ਦਿਓ। ਡਸਟਬਿਨ ’ਤੇ ਢੱਕਣ ਦੇ ਕੇ ਰੱਖੋ।




**ਲੜੀਵਾਰ...**

**ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼**

## ਸਭੁ ਦੇਸੁ ਪਰਾਇਆ
### (ਸ੍ਵੈ-ਜੀਵਨੀ)

# ਇਕ ਰਹੱਸ-ਮਈ ਘਟਨਾ

**ਲੜੀ ਜੋੜਨ ਲਈ ਪਿਛਲਾ ਅੰਕ ਵੇਖੇ**

ਮੈਂ ਆਪਣੇ ਮਾਮੇ ਦੇ ਲੜਕਿਆਂ ਪਰਗਟ ਸਿੰਘ ਗਿੱਲ ਤੇ ਸਰੂਪ ਸਿੰਘ ਗਿੱਲ ਦੇ ਕੋਲ ਸਾਂ, ਜਦੋਂ ਮੇਰੀ ਸਿੰਘਣੀ ਦੇ ਮਾਮੇ ਅਜੀਤ ਸਿੰਘ ਸੰਧੂ ਦਾ ਫੋਨ ਆ ਗਿਆ ਕਿ ਮੇਰੇ ਕੋਲ ਸਾਊਥਹਾਲ ਆ ਜਾ। ਮੈਂ ਦੂਸਰੇ ਦਿਨ ਸਾਊਥਹਾਲ ਚੱਲਾ ਗਿਆ। ਮਾਮੇ ਜੀ ਨੂੰ ਚਾਅ ਚੜ੍ਹ ਗਿਆ। ਸਭ ਤੋਂ ਵੱਧ ਮੈਨੂੰ ਰੂਹਾਨੀ ਖੁਸ਼ੀ ਉਦੋਂ ਹੋਈ ਜਦੋਂ ਉਸਨੇ ਇਹ ਦੱਸਿਆ ਕਿ ਇੱਕ ਲੜਕੀ ਮੇਰੇ ਨਾਲ ਫੈਕਟਰੀ ਵਿੱਚ ਕੰਮ ਕਰਦੀ ਹੈ ਉਹ ਹਮੇਸ਼ਾਂ ਤੇਰੀਆਂ ਹੀ ਗੱਲਾਂ ਕਰਦੀ ਹੁੰਦੀ ਹੈ। ਸੱਚ ਜਾਣਿਓ ਜਿੰਨੀ ਖੁਸ਼ੀ ਮੈਨੂੰ ਇਹ ਜਾਣਕੇ ਹੋਈ ਕਿ ਉਹ ਕੁੜੀ ਕੋਈ ਹੋਰ ਨਹੀਂ ਸਗੋ ਮੇਰੀ

ਧਰਮ ਭੈਣ ਗੁਰਮੇਜ ਹੈ, ਜ਼ਿੰਦਗੀ ਵਿੱਚ ਕਦੇ ਨਹੀਂ ਹੋਈ। ਇਹ ਬਿਆਨ ਕਰਨ ਲਈ ਕਿ ਗੁਰਮੇਜ ਕੌਣ ਹੈ, ਪਾਠਕੋ ਮੈਨੂੰ ਆਪਣੇ ਪਿਤਰੀ ਪਿੰਡ ਦੁਸਾਂਝ ਕਲਾਂ ਜਾਣਾ ਹੋਵੇਗਾ। ਗੁਰਮੇਜ ਮੈਥੋਂ ਵੱਡੀ ਭੈਣ ਛਿੰਦੋਂ (ਸੁਰਿੰਦਰ) ਦੀ ਸਹੇਲੀ ਸੀ। ਇਕੱਠੀਆਂ ਨੇ ਗੁਰੂ ਹਰਿ ਰਾਇ ਖਾਲਸਾ ਗਰਲਜ਼ ਹਾਈ ਸਕੂਲ ਦੁਸਾਂਝ ਕਲਾਂ ਤੋਂ ਅੱਠਵੀਂ ਕੀਤੀ। ਗੁਰਮੇਜ ਦਾ ਪਰਿਵਾਰ ਬਾਰੋਂ ਆਇਆ ਸੀ। ਇਸ ਲਈ ਇਨ੍ਹਾਂ ਨੂੰ ਸਾਡੇ ਪਿੰਡ ਦੇ ਕੋਲ ਹੀ ਲਾਦੀਆਂ ਪਿੰਡ ਵਿੱਚ ਜ਼ਮੀਨ ਅਲਾਟ ਹੋਈ ਸੀ। ਮੇਰੀ ਭੈਣ ਦਾ ਵਿਆਹ ਹੋ ਗਿਆ ਤੇ ਗੁਰਮੇਜ ਨੇ ਜੇ.ਬੀ.ਟੀ. ਵਿੱਚ ਦਾਖਲਾ ਲੈ ਲਿਆ। ਕੋਰਸ ਕਰਨ ਉਪਰੰਤ ਉਹ ਕਿਸੇ ਲਾਗਲੇ ਪਿੰਡ ਟੀਚਰ ਲੱਗ ਗਈ। ਮੈਂ ਇਨ੍ਹਾਂ ਤੋਂ ਤਿੰਨ ਸਾਲ ਛੋਟਾ ਸਾਂ ਮੈਂ ਦਸਵੀਂ ਕਰਕੇ 1960 ਵਿੱਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦਾਖਲ ਹੋ ਗਿਆ। ਮੇਰੀ ਭੈਣ ਵਿਆਹ ਤੋਂ ਡੇਢ ਕੁ ਸਾਲ ਬਾਅਦ ਅਕਾਲ ਚਲਾਣਾ ਕਰ ਗਈ। ਪਤਾ ਹੀ ਨਹੀਂ ਲੱਗਾ ਕੀ ਬਿਮਾਰੀ ਸੀ। ਭਾਣਾ ਮੰਨਣਾ ਪਿਆ। ਮੈਂ 1962 ਵਿੱਚ ਕੋਰਸ ਕਰਕੇ ਪਿੰਡ ਹੀ ਗੁਰੂ ਹਰਿ ਰਾਇ ਖਾਲਸਾ ਹਾਇਰ ਸੈਕੰਡਰੀ ਸਕੂਲ ਵਿੱਚ ਧਾਰਮਿਕ ਟੀਚਰ ਲੱਗ ਗਿਆ। ਮੇਰਾ ਵਿਆਹ ਹੋਇਆ 1963 ਦਸੰਬਰ ਵਿੱਚ। ਇਸਨੇ ਦੂਸਰੀਆਂ ਮੇਰੀਆ ਦੋਵੇਂ ਭੈਣਾ ਮਹਿੰਦਰ ਕੌਰ (ਜਿਸਦੇ ਕੋਲ ਮੈਂ ਹੁਣ ਇੰਗਲੈਂਡ ਆਇਆ ਸਾਂ) ਤੇ ਦੂਸਰੀ ਗੁਰਮੇਜ ਕੌਰ ਜੋ ਕਿ ਅਨੋਖਰੋਵਾਲ (ਫ਼ਰਾਲਾ) ਵਿਆਹੀ ਹੋਈ ਹੈ, ਦੇ ਨਾਲ ਮੇਰੀ ਇੰਜੜੀ ਫੜੀ ਸੀ। ਇਹ ਵੀ 1965 ਵਿੱਚ ਇੰਗਲੈਂਡ ਆ ਗਈ ਸੀ।

ਸ਼ਾਇਦ ਹੀ ਕੋਈ ਸਕੀ ਭੈਣ ਇੰਨਾ ਪਿਆਰ ਆਪਣੇ ਵੀਰ ਨਾਲ ਕਰੇ ਜਿੰਨਾ ਇਸਨੇ ਮੈਨੂੰ ਕੀਤਾ। ਪਿਤਾ ਜੀ ਨੇ ਦੋਂਹ ਭੈਣਾਂ ਦੇ ਇਕੱਠਿਆਂ ਵਿਆਹ ਕੀਤੇ ਸਨ ਤੇ ਸਿਰ ਤੇ ਕਰਜ਼ਾ ਕਾਫੀ ਸੀ। ਤਨਖਾਹ ਮੇਰੀ ਸਿਰਫ਼ 55 ਰੁਪਏ ਮਹੀਨਾ ਸੀ। ਹੈੱਡਮਾਸਟਰ ਧਰਮ ਸਿੰਘ ਜੀ ਦੁਸਾਂਝ ਦੀ ਮਿਹਰਬਾਨੀ ਨਾਲ ਮੈਨੂੰ ਇਹ ਨੌਕਰੀ ਮਿਲੀ ਸੀ ਤੇ ਮੇਰਾ ਪਹਿਲਾ ਪੀਰੀਅਡ ਵੀ ਖਾਲੀ ਹੁੰਦਾ ਸੀ ਇਸ ਲਈ ਨੇੜੇ ਤੇੜੇ ਦੇ ਪਿੰਡਾਂ ਵਿੱਚ ਮੈਂ ਅਖੰਡਪਾਠ ਦੀਆਂ ਰੌਲਾਂ ਲਾ ਕੇ ਜਾਂ ਕਥਾ ਕੀਰਤਨ ਕਰਕੇ 60-70 ਰੁਪਏ ਮਹੀਨੇ ਦਾ ਕਮਾ ਲੈਂਦਾ ਸਾਂ। ਇਸ ਨਾਲ ਮੈਂ ਸਵਾ ਕੁ ਸੌ ਰੁਪਿਆ ਮਹੀਨੇ ਦਾ ਕਰ



ਲੈਂਦਾ ਸਾਂ। ਗੁਰਮੇਜ ਭੈਣ ਮੇਰੇ ਤੇ ਜ਼ੋਰ ਪਾਉਂਦੀ ਕਿ ਮੈਂ ਗਿਆਨੀ ਕਰ ਲਵਾਂ। ਪਰ ਮੇਰੇ ਕੋਲ ਦਾਖਲਾ ਭੇਜਣ ਲਈ ਹੀ ਪੈਸੇ ਨਹੀਂ ਸੀ ਜੁੜਦੇ। ਇੱਕ ਦਿਨ ਮੈਂ ਸਕੂਲੇ ਹੀ ਸਾਂ ਜਦੋਂ ਇਹ ਘਰ ਆਈ ਤੇ ਮੇਰੀ ਮਾਤਾ ਜੀ ਨੂੰ ਪ੍ਰਕਾਸ਼ ਗਿਆਨੀ ਗਾਈਡ ਚਾਰ ਪੰਜ ਸਿਲੇਬਸ ਦੀਆਂ ਪੁਸਤਕਾਂ ਤੇ ਪੰਜਾਹ ਰੁਪਏ ਇੱਕ ਲਿਫ਼ਾਫ਼ੇ ਵਿਚੱ ਪਾ ਕੇ ਦੇ ਗਈ। ਜਦੋਂ ਮੈਂ ਘਰ ਆਇਆ ਤਾਂ ਬੀਬੀ ਕਹਿਣ ਲੱਗੀ ਕਿ ਪੁੱਤ ਲਾਦੀਆਂ ਵਾਲੀ ਗੁਰਮੇਜ ਆਈ ਸੀ। ਉਹ ਆਹ ਕਿਤਾਬਾਂ ਤੇ ਲਿਫ਼ਾਫ਼ਾ ਦੇ ਗਈ ਹੈ। ਪੈਸਿਆਂ ਦੇ ਨਾਲ ਇੱਕ ਛੋਟੀ ਜਿਹੀ ਚਿੱਠੀ ਸੀ, ''ਕੇਵਲ! ਤੂੰ ਗਿਆਨੀ ਦਾ ਇਮਤਿਹਾਨ ਦਾ ਦਾਖਲਾ ਭੇਜਦੇ। ਪੈਸਿਆਂ ਬਾਰੇ ਨਾ ਸੋਚੀਂ ਮੈਂ ਆਪਣੇ ਘਰਦਿਆਂ ਨੂੰ ਕਹਿ ਦਿੱਤਾ ਹੈ ਕਿ ਪੈਸੇ ਮੇਰੀ ਸਹੇਲੀ ਨੇ ਉਧਾਰ ਲਏ ਹਨ। ਮੈਂ ਕੋਈ ਤੇਰੇ ਤੇ ਅਹਿਸਾਨ ਨਹੀਂ ਕਰ ਰਹੀ, ਸਗੋਂ ਇੱਕ ਵੱਡੀ ਭੈਣ ਦਾ ਫਰਜ਼ ਹੀ ਅਦਾ ਕਰ ਰਹੀ ਹਾਂ।''

ਮੈਂ ਅੱਜ ਜੋ ਵੀ ਹਾਂ, ਭੈਣ ਗੁਰਮੇਜ ਕੌਰ ਦੇ ਕਾਰਨ ਹਾਂ। ਜ਼ਿੰਦਗੀ ਦੇ ਆਖਰੀ ਸੁਆਸ ਤੱਕ ਉਸਦਾ ਰਿਣੀ ਰਹਾਂਗਾ। ਮੈਂ ਜਦੋਂ ਸਾਊਥਹਾਲ ਉਨ੍ਹਾਂ ਦੇ ਘਰ ਮਾਮਾ ਜੀ ਨਾਲ ਉਸਨੂੰ ਮਿਲਿਆ ਤਾਂ ਪੰਜ ਪੁਸਤਕਾਂ ਜੋ 1978 ਤੱਕ ਛਪੀਆਂ ਸਨ, ਉਸਨੂੰ ਪਿਆਰ ਨਾਲ ਭੇਂਟ ਕੀਤੀਆਂ। ਇੱਕ ਵਾਰੀ ਸ਼ਾਇਦ 2008-09 ਦੀ ਗੱਲ ਹੈ, ਉਹ ਪੰਜਾਬ ਆਈ ਹੋਈ ਸੀ। ਫੋਨ ਤੇ ਗੱਲ ਹੋਈ, ਉਸਦੇ ਭਰਾ ਜਨਕ ਸਿੰਘ ਨੂੰ ਕੁਝ ਕਿਤਾਬਾਂ ਉਸਨੂੰ ਦੇਣ ਵਾਸਤੇ ਦਿੱਤੀਆਂ। ਨਿਰੀ ਪਿਆਰ ਦੀ ਮੂਰਤ ਇਸ ਭੈਣ ਨੂੰ ਮੇਰਾ ਕੋਟਿ ਕੋਟਿ ਪਰਨਾਮ ਹੈ। ਸੰਨ 1971 ਦੀ ਲੜਾਈ ਬਾਰੇ ਮੈਂ ਇੱਕ ਲੇਖ ਜੈਸੂਰ ਛਾਉਣੀ ਤੋਂ ਲਿਖਿਆ ਸੀ, ''ਬੰਗਲਾ ਦੇਸ਼ ਵਿੱਚ''। ਉਹ ਇਥੇ ਆਰਸੀ (ਦਿੱਲੀ) ਤੇ ਪ੍ਰੀਤ ਲੜੀ ਵਿੱਚ ਛੱਪਿਆ ਤੇ ਲਗਭਗ ਬਾਹਰਲੇ ਮੁਲਕਾਂ ਦੀਆਂ ਪੰਜਾਬੀ ਦੀਆਂ ਸਾਰੀਆਂ ਹਫ਼ਤਾਵਾਰੀ ਅਖਬਾਰਾਂ ਵਿੱਚ ਛਪਿਆ ਸੀ। ਉਸ ਵੇਲੇ ਸਾਊਥਹਾਲ ਤੋਂ ਤਰਸੇਮ ਸਿੰਘ ਪੁਰੇਵਾਲ ਇੱਕ ਪਰਚਾ ਕੱਢਦਾ ਹੁੰਦਾ ਸੀ, 'ਦੇਸ ਪਦ੍ਰੇਸ' ਉਸਦੀ ਮੌਤ ਤੋਂ ਬਾਅਦ ਅੱਜ ਵੀ ਉਹ ਪਰਚਾ ਨਿਕਲ ਰਿਹਾ ਹੈ। ਉਸ ਵਿੱਚ ਵੀ ਮੇਰਾ ਉਹ ਲੇਖ ਛੱਪਿਆ ਸੀ, ਉਸਨੇ ਇਹ ਪਰਚਾ ਸਾਂਭ ਕੇ ਰੱਖਿਆ ਹੋਇਆ ਸੀ ਤੇ ਮੈਨੂੰ ਲਿਆ ਕੇ ਦਿੱਤਾ। ਚਾਰ ਜੂਨ 1978 ਨੂੰ ਮੈਂ ਵਾਪਸ ਆ ਗਿਆ। ਇੰਗਲੈਂਡ ਕੋਈ ਢਾਈ ਕੁ ਮਹੀਨੇ ਰਿਹਾ ਸਾਂ। ਮਿੱਤਰਾਂ ਦੋਸਤਾਂ ਰਿਸ਼ਤੇਦਾਰਾਂ ਨੂੰ ਮਿਲਦਿਆਂ ਪਤਾ ਹੀ ਨਾ ਲੱਗਾ ਕਦੋਂ ਛੁੱਟੀਆਂ ਮੁੱਕ ਗਈਆਂ। ਮੁੜ ਆਪਣੀ ਡਿਊਟੀ ਤੇ ਰਾਮਗੜ੍ਹ ਕੈਂਟ ਪੁੱਜ ਗਿਆ। ਇੱਥੇ ਦੋ ਘਟਨਾਵਾਂ ਦਾ ਜ਼ਿਕਰ ਜ਼ਰੂਰੀ ਹੈ। ਰਾਂਚੀ ਵਿੱਚ ਸ੍ਰ: ਨਿਹਾਲ ਸਿੰਘ ਜੀ ਮਾਲਕ ਛੋਟਾ ਨਾਗਪੁਰ ਬਾਡੀ ਬਿਲਡਰਜ਼ ਜੋ ਬੱਸਾਂ ਦੀਆਂ ਬਾਡੀਆਂ ਬਣਾਉਂਦੇ ਹਨ। ਉਹ ਕਲੇਰਾਂ ਵਾਲੇ ਨਾਨਕਸਰੀਆਂ ਦੇ ਅੰਨੇ ਸ਼ਰਧਾਲੂ ਸਨ। ਇੱਕ ਵਾਰੀ ਸੰਤ ਬਾਬਾ ਨਰੈਣ ਸਿੰਘ ਜੀ ਰਾਂਚੀ ਆਏ ਤੇ ਅਸੀਂ ਵੀ ਉਨ੍ਹਾਂ ਨੂੰ ਪੰਜਾਬ ਸੈਂਟਰ ਵਿੱਚ ਸੱਦ ਲਿਆ। ਉਹ ਆਪਣੇ ਲਾਮ ਲਸ਼ਕਰ ਨਾਲ ਸਾਡੇ ਗੁਰੂ ਘਰ ਆਏ। ਮੈਂ, ਸੂਬੇਦਾਰ ਮੇਜਰ ਮੋਹਰ ਸਿੰਘ ਤੇ ਕੁਝ ਹੋਰ ਸਰਦਾਰ ਉਨ੍ਹਾਂ ਦੇ ਸੁਆਗਤ ਲਈ ਬਾਹਰ ਖੜ੍ਹੇ ਸਾਂ। ਉਨ੍ਹਾਂ ਗੱਡੀ ਵਿੱਚੋਂ ਨਿਕਲਦਿਆਂ ਹੀ ਆਪਣੇ ਗੜਵਈ ਨੂੰ ਬੜੀ ਹੀ ਭੈੜੀ ਭਾਸ਼ਾਂ ਵਿੱਚ, ਸਮਝੋ ਗਾਲਾਂ ਹੀ ਕੱਢੀਆਂ। ਮੈਂ ਹੈਰਾਨ ਸਾਂ ਉਨ੍ਹਾਂ ਦਾ ਲਿਬਾਸ ਤੇ ਬੋਲਚਾਲ ਦੇਖ ਕੇ। ਅਸੀਂ ਗੁਰੂ ਘਰ ਵੱਲੋਂ ਉਨ੍ਹਾਂ ਨੂੰ



ਸਿਰੋਪਾਉ ਤੇ ਕਿਰਪਾਨ ਦੇਣੀ ਸੀ। ਸਾਰੇ ਜਵਾਨ, ਅਫ਼ਸਰ ਅਤੇ ਉਨ੍ਹਾਂ ਦੇ ਪਰਿਵਾਰ ਸਜੇ ਹੋਏ ਸਨ। ਮੈਂ ਉਦੋਂ ਤੱਕ ਜੋ ਨਾਨਕਸਰ ਤੇ ਬਾਬਾ ਨੰਦ ਸਿੰਘ ਬਾਰੇ ਜਾਣਦਾ ਸਾਂ, ਦੇ ਆਧਾਰ ਤੇ ਉਨ੍ਹਾਂ ਦੀ ਪ੍ਰਸੰਸਾ ਕੀਤੀ ਤੇ ਇਹ ਵੀ ਕਿਹਾ ਕਿ ਨਾਨਕਸਰ ਕਲੇਰਾਂ ਉਹ ਅਸਥਾਨ ਹੈ ਜਿਥੇ ਮਾਇਆ ਨਹੀਂ ਚੜ੍ਹਾਈ ਜਾਂਦੀ। ਲੰਗਰ ਬਾਹਰੋਂ ਬਣਕੇ ਪਿੰਡਾਂ ਚੋਂ ਆਉਂਦਾ ਹੈ। ਉਸ ਬਾਬਾ ਨੰਦ ਸਿੰਘ ਜੀ ਦੀ ਤੀਸਰੀ ਥਾਂ ਬਾਬਾ ਨਰੈਣ ਸਿੰਘ ਜੀ (ਵੈਸੇ ਦੋ ਹੋਰ ਸੰਤ ਵੀ ਦਾਅਵੇਦਾਰ ਸਨ) ਬਿਰਾਜਮਾਨ ਹਨ। ਅਸਾਡੀ ਖੁਸ਼ਕਿਸਮਤੀ ਹੈ ਕਿ ਉਹ ਸੰਗਤਾਂ ਨੂੰ ਦਰਸ਼ਨ ਦੇਣ ਇਥੇ ਪਧਾਰੇ ਹਨ ਮੈਂ ਉਹਨਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੇ ਸ਼ੁਭ ਵਿਚਾਰ ਸੰਗਤਾਂ ਨਾਲ ਸਾਂਝੇ ਕਰਨ। ਬਾਬਾ ਨਰੈਣ ਸਿੰਘ ਭਾਰੀ ਭਰਕਮ ਦੇਹ ਲੈ ਕੇ ਸਟੇਜ ਤੇ ਚੌਂਕੜਾ ਮਾਰ ਕੇ ਸਜ ਗਏ। ਉਨ੍ਹਾਂ ਕੋਈ ਗਰੁ ਬਾਣੀ ਦੀ ਪੰਗਤੀ ਨਹੀਂ ਪੜ੍ਹੀ ਸਿੱਧੇ ਹੀ ਮਲਵਈ ਭਾਸ਼ਾ ਵਿੱਚ ਏਦਾਂ ਪ੍ਰਵਚਨ ਸ਼ੁਰੂ ਕੀਤੇ, ''ਭਵਸਾਗਰ ਦੇ ਸੰਤ ਮਲਾਹ। ਤਾਰਦੇ ਫਿਰਦੇ ਖਾਹ ਮਖਾਹ। ਸੰਗਤੋਂ ਜੀ, ਸਾਡੀ ਤਾਂ ਧੁਰ ਦਰਗਾਹ ਤੋਂ ਡੀਟੀ ਲੱਗੀ ਆ ਤੁਹਾਨੂੰ ਤਾਰਨ ਦੀ। ਇਸ ਲਈ ਕਾਰਾਂ ਵਗੈਰ ਵੀ ਨਹੀਂ ਸਰ ਸਕਦਾ। ਆਹ ਨਵੀਂ ਕਾਰ ਦੇਣ ਵਾਸਤੇ ਸਾਨੂੰ ਭਾਈ ਨਿਹਾਲ ਸਿੰਘ ਨੇ ਬੁਲਾਇਆ ਹੈ। ਇਨ੍ਹਾਂ ਕਾਰ ਹੀ ਦਿੱਤੀ ਹੈ, ਪਟਰੌਲ ਦਾ ਖਰਚਾ ਨਹੀਂ। ਆਹ ਕੇਵਲ ਸੂੰਹ ਨੇ ਜੋ ਕਿਹਾ ਬਈ ਪੈਸਾ ਨਹੀਂ ਚੜ੍ਹਦਾ, ਉਥੇ, ਤਾਂ ਸੰਗਤੋਂ ਦੱਸੋਂ ਇਹ ਕਾਰਾਂ ਪਾਣੀ ਨਾਲ ਚੱਲਦੀਆਂ ਨੇ। ਦੂਰ ਦੂਰ ਤੱਕ ਸੰਗਤ ਤਾਰਨ ਜਾਣਾ ਪੈਂਦਾ ਹੈ। ਰਸਤੇ ਵਿੱਚ ਸਾਡੇ ਲਈ ਕਿਹੜਾ ਕੋਈ ਲੰਗਰ ਲਾਈ ਬੈਠਾ ਹੈ................'' ਇਤ ਆਦਿ।

**ਚਲਦਾ....**

> **ਮੈਂ ਅੱਜ ਜੋ ਵੀ ਹਾਂ, ਭੈਣ ਗੁਰਮੇਜ ਕੌਰ ਦੇ ਕਾਰਨ ਹਾਂ। ਜ਼ਿੰਦਗੀ ਦੇ ਆਖਰੀ ਸੁਆਸ ਤੱਕ ਉਸਦਾ ਰਿਣੀ ਰਹਾਂਗਾ। ਮੈਂ ਜਦੋਂ ਸਾਊਥਹਾਲ ਉਨ੍ਹਾਂ ਦੇ ਘਰ ਮਾਮਾ ਜੀ ਨਾਲ ਉਸਨੂੰ ਮਿਲਿਆ ਤਾਂ ਪੰਜ ਪੁਸਤਕਾਂ ਜੋ 1978 ਤੱਕ ਛਪੀਆਂ ਸਨ, ਉਸਨੂੰ ਪਿਆਰ ਨਾਲ ਭੇਂਟ ਕੀਤੀਆਂ। ਇੱਕ ਵਾਰੀ ਸ਼ਾਇਦ 2008-09 ਦੀ ਗੱਲ ਹੈ, ਉਹ ਪੰਜਾਬ ਆਈ ਹੋਈ ਸੀ। ਫੋਨ ਤੇ ਗੱਲ ਹੋਈ, ਉਸਦੇ ਭਰਾ ਜਨਕ ਸਿੰਘ ਨੂੰ ਕੁਝ ਕਿਤਾਬਾਂ ਉਸਨੂੰ ਦੇਣ ਵਾਸਤੇ ਦਿੱਤੀਆਂ। ਨਿਰੀ ਪਿਆਰ ਦੀ ਮੂਰਤ ਇਸ ਭੈਣ ਨੂੰ ਮੇਰਾ ਕੋਟਿ ਕੋਟਿ ਪਰਨਾਮ ਹੈ।**

52 YEARS OF EXCELLENCE
1973 THE LINK GROUP 2024
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The
Builders Buy!
NEW HOME
SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-832-2564**

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡਿਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731
(ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਸੈਣੀ ਸਿੱਖ ਪਰਿਵਾਰ ਦਾ ਲੜਕਾ ਉਮਰ 31 ਸਾਲਾ, ਕੱਦ 5'11", ਕਨੇਡੀਅਨ ਪੀ. ਆਰ., ਨਸ਼ਿਆਂ ਤੋਂ ਰਹਿਤ ਵਾਸਤੇ ਯੋਗ ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ।
ਫੋਨ: 604-440-2691
ਈਮੇਲ - hardeepkaur917@yahoo.com 27 April

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

## ਸੂਚਨਾ

ਮੇਰਾ ਨਾਮ ਕੁਲਦੀਪ ਮੰਡੇਰ ਹੈ ਸਾਡੇ ਇੱਕ ਕਿਰਾਏਦਾਰ ਨੇ ਆਪਣੀ ਕਾਰ ਮੇਰੀ ਜਾਇਦਾਦ 12666-114th ave Surrey B.C. V3V-3N9 ਨਵੰਬਰ 2020 ਨੂੰ ਖੜੀ ਕਰਕੇ ਅਤੇ ਅਪ੍ਰੈਲ 2021 ਵਿੱਚ ਛੱਡ ਕੇ ਚਲਾ ਗਿਆ। ਇਹ ਵਾਈਟ ਕਲਰ 2015 ਹੌਂਡਾ ਸਿਵਿਕ ਹੈ। VIN ਨੰਬਰ VIN-2HGFB2F56FH001467 ਹੈ। ਜੇਕਰ ਕਿਸੇ ਨੂੰ ਇਸ ਕਾਰ ਦੀ ਕੋਈ ਜਾਣਕਾਰੀ ਹੈ। ਕਿਰਪਾ ਕਰਕੇ ਮੇਰੇ ਨਾਲ ਸੰਪਰਕ ਕਰੋ
**778-861-3643** 24 JAN

## MATRIMONIALS

### ਲੜਕੇ ਦੀ ਲੋੜ

34 ਸਾਲਾਂ 5'-3" M.A. B.Ed. ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

***************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662,
Email: dharam.sidhu@yahoo.com

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਫ੍ਰ) ਜਾਂ ਸਿਟਿਜ਼ਨ ਲੜਕੀ ਦੀ ਲੋੜ।
ਸਪੰਰਕ:-778-903-0135

***************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲ੍ਹਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ।
ਸੰਪਰਕ: 604-809-3121

***************

### ਲੜਕੀ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ ਲੜਕਾ, ਉਮਰ 28 ਸਾਲ, ਕੱਦ 5'7", ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਕੋਲ ਰਾਜਸਥਾਨ (ਭਾਰਤ) ਵਿਚ ਸ਼ਹਿਰੀ ਜਾਇਦਾਦ ਅਤੇ 60 ਕਿੱਲੇ ਜ਼ਮੀਨ ਹੈ। ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

***************

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 5' 10", ਮਕੈਨੀਕਲ ਇੰਜਨੀਅਰ ਦੀ ਜੌਬ ਕਰ ਰਿਹਾ ਹੈ, ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗਰਾਂਟ ਲੜਕੀ ਦੀ ਲੋੜ ਹੈ। ਸੰਪਰਕ: 778-896-2843
**ਈਮੇਲ: g.gurbachan@gmail.com**

### ਵਰ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ, ਉਮਰ 29 ਸਾਲ, ਕੱਦ 5'6", ਕੈਂਸਰ ਹਸਪਤਾਲ ਵੈਨਕੂਵਰ ਵਿੱਚ ਬਤੌਰ MUC ਸਰਵਿਸ ਕਰਦੀ ਲੜਕੀ ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੇ ਪਰਿਵਾਰ ਦਾ ਪਿਛੋਕੜ ਰਾਜਸਥਾਨ (ਭਾਰਤ) ਨਾਲ ਸਬੰਧਤ ਹੈ ਅਤੇ ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
**ਅੱਜ ਹੀ ਸੰਪਰਕ** 604-307-7008

### ਇੰਸ਼ੋਰੈਂਸ ਸੇਵਾਵਾਂ

**ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085**

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

37 ਸਾਲਾਂ 5' 6" ਅਨਮੈਰਿਡ ਹਿੰਦੂ ਵਰਮਾ ਵਰਕ ਪਰਮਿਟ ਸਰੀ 'ਚ ਰਹਿੰਦੇ ਸੋਹਣੇ ਮੁੰਡੇ (ਇੰਡੀਅਨ ਬੈਕਗਰਾਉਂਡ ਪੰਜਾਬ) ਲਈ ਸਿਟੀਜ਼ਨ/ਪੀ.ਆਰ., ਸਟੂਡੈਂਟ ਵੀਜ਼ਾ, ਟੈਂਮਪਰੇਰੀ ਵੀਜ਼ਾ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।
**ਸੰਪਰਕ ਕਰੋ:- 7783210986**
Exp. 6 Jan

### ਵਰ ਦੀ ਲੋੜ

ਵੈਨਕੂਵਰ ਰਹਿ ਰਹੀ ਸੁਹਣੀ ਸੁਨੱਖੀ, ਜੱਟ ਸਿੱਖ ਪਰਿਵਾਰਕ, ਮਿਹਨਤੀ ਲੜਕੀ, ਉਮਰ 26 ਸਾਲ, ਕੱਦ 5'5", ਬੀ.ਟੈੱਕ ਕੰਪਿਊਟਰ ਸਾਇੰਸ, ਨੈਨੀ ਦੀ ਪੀ.ਆਰ. ਫਾਈਲ ਲੱਗੀ ਹੋਈ ਹੈ, ਲਈ ਜੱਟ ਸਿੱਖ ਵਰ ਦੀ ਲੋੜ ਹੈ। ਸੰਪਰਕ- 778-710-9766
26 Jan-5

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਸਟੂਡੈਂਟ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-916-2959
26 Jan-5

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ। ਸੰਪਰਕ: 236-591-2719 **(Whats app)**


### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389

# ਸਿੱਖਾਂ ਦੁਆਰਾ ਸਿੱਖਾਂ ਨਾਲ ਕਾਣੀ ਵੰਡ ਜਾਂ ਸਰਬੱਤ ਦਾ ਭਲਾ ?

**'ਗੁਰੂ ਨਾਨਕ ਨਾਮ ਚੜ੍ਹਦੀ ਕਲਾ,**
**ਤੇਰੇ ਭਾਣੇ ਸਰਬੱਤ ਦਾ ਭਲਾ'।**

ਸਿੱਖ ਵੀਰੋ! 'ਸਰਬੱਤ ਦਾ ਭਲਾ' ਕਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਹੋਇਆ? ਕਿਹੜੇ ਸਤਿਗੁਰੂ ਜੀ ਨੇ ਉਚਾਰਿਆ? ਇਸ ਦਾ ਅਰਥ ਕੀ ਹੈ? ਕਦੀ ਸੋਚਿਆ ਆਪ ਜੀ ਨੇ? ... ਨਹੀਂ ਸੋਚਿਆ।


ਠਾਕੁਰ ਦਲੀਪ ਸਿੰਘ

ਪਹਿਲੀ ਗੱਲ ਹੈ: 'ਸਰਬੱਤ ਦਾ ਭਲਾ' ਕਿਸੇ ਵੀ ਬਾਣੀ ਵਿੱਚ ਨਹੀਂ ਲਿਖਿਆ ਹੋਇਆ ਅਤੇ 'ਸ੍ਰੀ ਮੁਖ ਵਾਕ' ਵੀ ਨਹੀਂ ਹੈਗਾ। ਦੂਸਰੀ ਗੱਲ ਹੈ: ਜੇ 'ਸਰਬੱਤ ਦਾ ਭਲਾ' ਗੁਰੂ ਜੀ ਦਾ ਹੁਕਮ ਹੈਗਾ ਵੀ ਹੈ, ਤਾਂ ਸਾਡੇ ਨਿਰਧਨ ਸਿੱਖ ਵੀਰ 'ਸਰਬੱਤ ਦੇ ਭਲੇ' ਵਿੱਚ ਕਿਉਂ ਨਹੀਂ ਆਉਂਦੇ? ਕੀ ਸਿੱਖਾਂ ਨੂੰ ਛੱਡ ਕੇ ਹੀ, ਬਾਕੀ ਸਾਰੇ 'ਸਰਬੱਤ' ਹਨ? ਕੀ ਕਰੋੜਾਂ ਲੋੜਵੰਦ ਸਿੱਖ, ਜਿਹੜੇ ਪਰਸ਼ਾਦੇ ਤੋਂ ਵੀ ਤੰਗ ਹਨ, ਜਿਹਨਾਂ ਦੇ ਸਿਰ ਉੱਤੇ ਛੱਤ ਨਹੀਂ ਹੈਗੀ; ਕੀ ਉਹ



'ਸਰਬੱਤ' ਵਿੱਚ ਨਹੀਂ ਆਉਂਦੇ? ਕੀ ਗ਼ੈਰ-ਸਿੱਖ ਬਹੁਤੇ 'ਸਰਬੱਤ' ਵਿੱਚ ਆਉਂਦੇ ਹਨ? ਕੀ ਆਪਣੇ ਨਿਰਧਨ ਸਿੱਖ ਵੀਰਾਂ ਨੂੰ ਛੱਡ ਕੇ, ਗ਼ੈਰ ਸਿੱਖਾਂ ਨੂੰ ਦਾਨ ਦੇਣਾ; ਸਰਬੱਤ ਦਾ ਭਲਾ ਹੈ ਜਾਂ ਕਾਣੀ ਵੰਡ?

ਜੋ ਸਿੱਖ; ਆਪਣੇ ਸਿੱਖ ਵੀਰਾਂ ਨੂੰ ਛੱਡ ਕੇ, 'ਸਰਬੱਤ ਦੇ ਭਲੇ' ਦੀ ਓਟ ਵਿੱਚ; ਗ਼ੈਰ-ਸਿੱਖਾਂ ਨੂੰ ਪਹਿਲ ਦੇ ਆਧਾਰ ਉੱਤੇ ਦਾਨ ਕਰਦੇ ਹਨ। ਅਸਲ ਵਿੱਚ ਉਹ ਸਰਬੱਤ ਦਾ ਭਲਾ ਨਹੀਂ ਕਰਦੇ, ਉਹ ਤਾਂ ਕਾਣੀ ਵੰਡ ਕਰਦੇ ਹਨ। ਕਿਉਂਕਿ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਹੈ-

**ਦਾਨ ਦਯੋ ਇਨਹੀ ਕੋ ਭਲੋ,**
**ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥**
**ਆਗੈ ਫਲੈ ਇਨਹੀ ਕੋ ਦਯੋ, ਜਗ ਮੈ ਜਸੁ,**
**ਅਉਰ ਦਯੋ ਸਭ ਫੀਕੋ ॥**

**(ਖ਼ਾਲਸਾ ਮਹਿਮਾ, ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ)**

ਭਾਵ:- ਸਿੱਖਾਂ ਵੱਲੋਂ ਸਿੱਖਾਂ ਨੂੰ ਦਿੱਤਾ ਦਾਨ ਹੀ ਮੈਨੂੰ ਚੰਗਾ ਲੱਗਦਾ ਹੈ, ਕਿਸੇ ਹੋਰ ਨੂੰ ਦਿੱਤਾ ਦਾਨ, ਮੈਨੂੰ ਚੰਗਾ ਨਹੀਂ ਲੱਗਦਾ ਅਤੇ ਗੁਰਸਿੱਖਾਂ ਨੂੰ ਕੀਤਾ ਦਾਨ ਹੀ ਪਰਲੋਕ ਵਿੱਚ ਫਲੇਗਾ; ਗ਼ੈਰ-ਸਿੱਖਾਂ ਨੂੰ ਦਿੱਤਾ ਦਾਨ ਨਿਹਫਲ ਹੋਵੇਗਾ। ਜਿਹੜਾ ਸਿੱਖਾਂ ਨੂੰ ਦਾਨ ਕਰੇਗਾ, ਜੱਗ ਵਿੱਚ ਵੀ ਉਸ ਦਾ ਹੀ ਜਸ ਹੋਵੇਗਾ।

ਆਦਿ ਬਾਣੀ, ਦਸਮ ਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਵਿੱਚ ਕਿਤੇ ਵੀ ਨਹੀਂ ਲਿਖਿਆ "ਸਿੱਖਾਂ ਨੂੰ ਛੱਡ ਕੇ ਗ਼ੈਰ-ਸਿੱਖਾਂ ਨੂੰ ਦਾਨ ਕਰੋ"। ਇਸੇ ਕਰ ਕੇ ਸਿੱਖਾਂ ਦੁਆਰਾ ਸਿੱਖਾਂ ਨੂੰ ਹੀ ਦਾਨ ਕਰਨ ਦਾ ਅਤੇ ਸਿੱਖਾਂ ਦੀ ਹੀ ਸੇਵਾ ਕਰਨ ਦਾ ਫਲ, ਸ੍ਰੀ ਸਤਿਗੁਰੂ ਰਾਮਦਾਸ ਜੀ ਨੇ ਆਪਣੀ ਰਸਨਾ ਤੋਂ ਬਾਣੀ ਵਿੱਚ ਲਿਖਿਆ ਹੈ:- "ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ"। ਭਾਵ:- ਗੁਰਸਿੱਖਾਂ ਦੇ ਅੰਦਰ ਗੁਰੂ ਵਸਦਾ ਹੈ। ਜੋ ਵੀ ਗੁਰਸਿੱਖਾਂ ਨੂੰ ਪ੍ਰੇਮ ਨਾਲ ਭੋਜਨ ਛਕਾਉਂਦਾ ਹੈ, ਉਸ ਉੱਤੇ ਗੁਰੂ ਪ੍ਰਸੰਨ ਹੁੰਦਾ ਹੈ। ਗੁਰੂ ਦੀ ਪ੍ਰਸੰਨਤਾ ਨਾਲ ਸਿੱਖ ਦੀ ਹਰ ਮਨੋਕਾਮਨਾ ਪੂਰੀ ਹੁੰਦੀ ਹੈ।

ਇਸ ਲਈ ਸਿੱਖ ਭਰਾਵੋ, ਕੇਵਲ ਗ਼ੈਰ-ਸਿੱਖ ਅਤੇ ਗ਼ੈਰ-ਭਾਰਤੀ ਹੀ 'ਸਰਬੱਤ' ਵਿੱਚ ਨਹੀਂ ਆਉਂਦੇ; ਨਿਰਧਨ, ਲੋੜਵੰਦ ਸਿੱਖ ਵੀ 'ਸਰਬੱਤ' ਵਿੱਚ ਹੀ ਹਨ। ਵਿਦੇਸ਼ਾਂ ਵਿੱਚ ਬੈਠੀਆਂ ਸਿੱਖ ਪੰਥ ਦੀਆਂ ਵੱਡੀਆਂ ਅੰਤਰਰਾਸ਼ਟਰੀ ਸੰਸਥਾਵਾਂ ਚਲਾਉਣ ਵਾਲੇ ਸੱਜਣ, ਤਸਵੀਰਾਂ ਖਿਚਵਾ ਕੇ ਆਪਣੀ ਸੋਭਾ ਵਾਸਤੇ ਅਤੇ ਆਪਣੇ ਖਰਚੇ ਚਲਾਉਣ ਵਾਸਤੇ, ਜਿੱਥੇ ਵਿਦੇਸ਼ੀ ਮੀਡੀਆ ਜਾ ਰਿਹਾ ਹੋਵੇ; ਉੱਥੇ ਜਾ ਕੇ ਗ਼ੈਰ-ਸਿੱਖਾਂ ਨੂੰ ਦਾਨ ਕਰਦੇ ਹਨ ਅਤੇ ਵਿਦੇਸ਼ੀ ਮੀਡੀਆ ਦੇ ਵਿੱਚ ਆਪਣੀ ਸੋਭਾ ਕਰਵਾਉਂਦੇ ਹਨ। ਇਹ ਵੱਖਰੀ ਗੱਲ ਹੈ ਕਿ ਉਹ ਜਦੋਂ ਆਪਣੀ ਸੋਭਾ ਕਰਵਾਉਂਦੇ ਹਨ; ਉਸ ਵਿੱਚ ਸਿੱਖ ਪੰਥ ਦਾ ਵੀ ਜਸ ਹੋ ਜਾਂਦਾ ਹੈ ਪਰੰਤੂ ਸਿਰਫ਼ ਜਸ ਹੋਣ ਨਾਲ ਕਿਸੇ ਗਰੀਬ ਸਿੱਖ ਦਾ ਪੇਟ ਨਹੀਂ ਭਰਦਾ। ਅਸਾਡੇ ਕਰੋੜਾਂ ਸਿੱਖ ਵੀਰ, ਐਸ ਵੇਲੇ ਪਰਸ਼ਾਦੇ ਤੋਂ ਵੀ ਤੰਗ ਬੈਠੇ ਹਨ, ਸਿਰ ਉੱਤੇ ਛੱਤ ਨਹੀਂ, ਬੱਚਿਆਂ ਨੂੰ ਪੜ੍ਹਾਉਣ ਜੋਗੇ ਪੈਸੇ ਨਹੀਂ ਹੈਗੇ ਅਤੇ ਅਸੀਂ 'ਸਰਬੱਤ ਦਾ ਭਲਾ' ਆਖ ਕੇ ਗ਼ੈਰ-ਸਿੱਖਾਂ ਨੂੰ ਦਾਨ ਕਰੀ ਜਾਂਦੇ ਹਾਂ। ਇਹ ਕਿੱਧਰ ਦੀ ਸਿੱਖੀ ਹੈ? ਸਿੱਖਾਂ ਦਾ ਪੈਸਾ, ਸਿੱਖਾਂ ਤੋਂ ਇਕੱਠਾ ਕਰਕੇ, ਗ਼ੈਰ-ਸਿੱਖਾਂ ਨੂੰ ਵੰਡਣ ਵਾਲਿਆਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਜੋ ਸੱਜਣ ਸਿੱਖਾਂ ਦਾ ਪੈਸਾ; ਨਿਰਧਨ ਸਿੱਖਾਂ ਨੂੰ ਛੱਡ ਕੇ, ਗ਼ੈਰ-ਸਿੱਖਾਂ ਨੂੰ ਵੰਡਦੇ ਹਨ, ਉਹ ਮਹਾਂ ਪਾਪ ਕਰਦੇ ਹਨ।

'ਸਰਬੱਤ ਦਾ ਭਲਾ' ਦਾ ਅਰਥ ਹੈ: ਸਿੱਖਾਂ ਵਿਚਲੀ ਧੜੇਬੰਦੀ, ਜਾਤੀਵਾਦ ਆਦਿ ਦੇ ਆਪਸੀ ਭੇਦ-ਭਾਵ ਤੋਂ ਉੱਤੇ ਉੱਠ ਕੇ ਸਭ ਤੋਂ ਪਹਿਲਾਂ ਆਪਣੇ ਨਿਰਧਨ ਸਿੱਖ ਵੀਰਾਂ ਨੂੰ ਸਮਰਿੱਧ ਕਰਨਾ। ਗੁਰੂ ਕੇ ਲੰਗਰ ਵਿੱਚੋਂ ਚਾਹੇ ਕੋਈ ਵੀ ਪ੍ਰਸ਼ਾਦਾ ਛਕ ਜਾਵੇ, ਉਸ ਤੋਂ ਸਾਨੂੰ ਕੋਈ ਆਪੱਤੀ ਨਹੀਂ ਪਰੰਤੂ ਸਿੱਖ ਦਾ ਵੱਡਾ ਦਾਨ, ਪਹਿਲਾਂ ਆਪਣੇ ਨਿਰਧਨ ਸਿੱਖ ਵੀਰਾਂ ਨੂੰ ਹੋਣਾ ਚਾਹੀਦਾ ਹੈ। ਜਦੋਂ ਆਪਣੇ ਸਿੱਖ ਵੀਰ ਸਮਰਿੱਧ ਹੋ ਜਾਣਗੇ, ਫਿਰ ਦੂਸਰਿਆਂ ਨੂੰ ਵੀ ਦਾਨ ਕਰ ਲਵਾਂਗੇ।


ਇਸ ਕਰਕੇ, ਸਾਰੇ ਸਿੱਖ ਪੰਥ ਨੂੰ ਅਤੇ ਸਾਰੀਆਂ ਸਿੱਖ ਸੰਸਥਾਵਾਂ ਨੂੰ ਮੇਰੀ ਬੇਨਤੀ ਹੈ ਕਿ 'ਸਰਬੱਤ ਦਾ ਭਲਾ' ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੀ ਓਟ ਵਿੱਚ ਨਿਰਧਨ ਸਿੱਖਾਂ ਨਾਲ ਕਾਣੀ-ਵੰਡ ਨਾ ਕਰੋ, ਉਹਨਾਂ ਨੂੰ ਦਾਨ ਤੋਂ ਵੰਚਿਤ ਨਾ ਰੱਖੋ। ਸਤਿਗੁਰੂ ਜੀ ਦਾ ਹੁਕਮ ਮੰਨ ਕੇ ਸਭ ਤੋਂ ਪਹਿਲਾਂ ਸਾਰੇ ਨਿਰਧਨ ਸਿੱਖਾਂ ਨੂੰ ਸੰਭਾਲੋ। ਸਿੱਖਾਂ ਨੂੰ ਦਾਨ ਕਰੋ ਅਤੇ ਉਹਨਾਂ ਦੀ ਹਰ ਯੋਗ ਲੋੜ ਪੂਰੀ ਕਰੋ। ਗੁਰੂ ਜੀ ਤੁਹਾਡੀ ਹਰ ਮਨੋਕਾਮਨਾ ਪੂਰੀ ਕਰਨਗੇ।






ਸਿਹਤਨਾਮਾ

# ਸੀਲੀਅਕ ਡੀਜੀਜ : ਪਹਿਚਾਣ ਤੇ ਇਲਾਜ



**ਗਲੂਟਨ ਤੇ ਅਲੱਗ ਕੋਈ ਖੁਰਾਕ ਵਾਰੇ ਹੋਰ ਜਾਣਕਾਰੀ ਕਿਥੋਂ ਲਈ ਜਾ ਸਕਦੀ ਹੈ ?**


ਤੁਹਾਡੇ ਫੈਮਲੀ ਡਾਕਟਰ ਕੋਲ ਤੇ ਲਾਗੇ ਦੇ ਹਸਪਤਾਲ ਵਿੱਚ ਖੁਰਾਕ ਦੱਸਣ ਦੇ ਸ਼ਪੈਸ਼ਲਿਸਟ ਹੁੰਦੇ ਹਨ ਜੋ ਕਿ ਤੁਹਾਨੂੰ ਇਸ ਬੀਮਾਰੀ ਦੇ ਖਾਣਿਆਂ ਤੋਂ ਜਾਣੂ ਕਰਾ ਸਕਦੇ ਹਨ। ਸਹਾਇਤਾ ਲਈ ਤੁਸੀਂ ਆਪਣੇ ਡਾਕਟਰ ਨੂੰ ਦੀ ਵੀ ਇਸ ਵਾਰੇ ਸਲਾਹ ਲੈ ਸਕਦੇ ਹੋ। ਜੇਕਰ ਤੁਹਾਨੂੰ ਇਹ ਬੀਮਾਰੀ ਹੋਵੇ ਤਾਂ ਤੁਸੀਂ ਜਰੂਰ ਆਪਣੇ ਦੇਸ ਦੀ ਸੀਲੀਅਕ ਸੋਸਾਇਟੀ ਦੇ ਮੈਂਬਰ ਬਣੋ ਜੋ ਕਿ ਤੁਹਾਨੂੰ ਆਪਣੀਆਂ ਛੱਪੀਆਂ ਕਿਤਾਬਾਂ ਤੇ ਪਰਚੇ ਭੇਜ ਦੇਂਦੇ ਹਨ ਜਿਹਨਾਂ ਵਿੱਚ ਇਹਨਾਂ ਗਲੂਟਨ ਤੋਂ ਅਲੱਗ ਕੀਤੇ ਗਏ ਖਾਣਿਆਂ ਤੇ ਸੀਲੀਅਕ ਡੀਜੀਜ ਵਾਰੇ ਬਹੁਤ ਹੀ ਜਾਣਕਾਰੀ ਹੁੰਦੀ ਹੈ।



**ਡਾ: ਕਰਨੈਲ ਸਿੰਘ ਸ਼ੇਰਗਿੱਲ**
ਫੈਮਲੀ ਡਾਕਟਰ ਤੇ ਪੇਟ ਦੀਆਂ ਬੀਮਾਰੀਆਂ ਦੇ ਸ਼ਪੈਸ਼ਲਿਸਟ
00447803142642

**ਸੀਲੀਅਕ ਸੋਸਾਇਟੀਆਂ ਜੋ ਇਸ ਬੀਮਾਰੀ ਦੇ ਮਰੀਜ਼ਾਂ ਨੂੰ ਲੋੜ ਵੇਲੇ ਸਲਾਹ ਮਸ਼ਵਰਾ ਦੇ ਸਕਦੀ ਹੈ ?**

ਕਈ ਦੇਸਾਂ ਵਿੱਚ ਅਜਿਹੀਆਂ ਸੋਸਾਇਟੀਆਂ ਹਨ ਜੋ ਕਿ ਸੀਲੀਅਕ ਮਰੀਜ਼ਾਂ ਨੂੰ ਇਸ ਬੀਮਾਰੀ ਤੇ ਇਸ ਦੇ ਗਲੂਟਨ ਤੋਂ ਰਹਿਤ ਖਾਣਿਆਂ ਵਾਰੇ ਚੇਤਨ ਕਰਦੀਆਂ ਹਨ। ਸੀਲੀਅਕ ਡੀਜੀਜ ਦੇ ਸਾਰੇ ਮਰੀਜ਼ਾਂ ਨੂੰ ਇਹਨਾਂ ਦੇ ਮੈਂਬਰ ਬਨਣਾ



ਚਾਹੀਦਾ ਹੈ। ਇਹਨਾਂ ਦੇ ਪਤੇ ਹੇਠ ਲਿਖੇ ਹਨ,

Coeliac UK Office:
Crd. Floor, Apollo Centre,
Desborough Road, High Wycombe,
Buckinghamshire, HPAA BQW.
Phone 0494 437278

Celiac Society Canada
ADE@ Meyerside Drive,
Suite E@C Mississauga,
ON LET BNE, Canada
Phone: 905.507.6208
Fax: 905.507.4673
Toll Free: 1.800.363.7296
Email: info'celiac.ca

USA
National Celiac Association
B@ Pickering St, Needham, MA @BDIB
Boston Area: FAG-BFB-EDBB
Toll Free: A-HHH-D-CELIAC
Email: info'nationalceliac.org

India
Celiac Society
D-A@GI, New Friends Colony,
New Delhi - 110025, +91 9810412500
celiacsocietyindia'gmail.com





## ਮਿਸ ਕਿਰਨ ਕੌਰ ਬਨਵੈਤ ਬਣੀ ਮਿਸ ਪੰਜਾਬਣ ਅਸਟਰੀਆ ਤੇ ਬੰਦਨਾ ਸ਼ਰਮਾ ਸਿਰ ਸਜਿਆ ਮਿਸੇਜ ਪੰਜਾਬਣ ਦਾ ਤਾਜ




ਰੋਮ-ਸਿੰਘ ਡਿਜੀਟਲ ਮੀਡੀਆ ਹਾਊਸ ਵਲੋਂ ਆਵਾਜ ਅਸਟਰੀਆ ਦੀ ਸੰਸਥਾ ਦੇ ਸਹਿਯੋਗ ਨਾਲ ਵਿਆਨਾ ਵਿਖੇ ਮਿਸ ਪੰਜਾਬਣ ਅਤੇ ਮਿਸੇਜ ਪੰਜਾਬਣ ਅਸਟਰੀਆ 2024 ਚੁਨਣ ਲਈ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਅਸਟਰੀਆ ਦੇ ਵੱਖ ਵੱਖ ਸ਼ਹਿਰਾਂ ਤੋ ਪੰਜਾਬਣਾਂ ਨੇ ਭਾਗ ਲਿਆ। ਸਿੰਘ ਡਿਜੀਟਲ ਮੀਡੀਆ ਹਾਊਸ ਦੇ ਚੇਅਰਮੈਨ ਰਣਜੀਤ ਸਿੰਘ ਧਾਲੀਵਾਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੁਕਾਬਲੇ ਦੌਰਾਨ ਵੱਖ ਵੱਖ ਗੇੜਾਂ ਦੇ ਪ੍ਰਦਰਸ਼ਨ ਤੋਂ ਬਾਅਦ ਜੱਜਾਂ ਵਲੋਂ ਕਿਰਨ ਕੌਰ ਬਨਵੈਤ ਨੂੰ ਮਿਸ ਪੰਜਾਬਣ ਅਸਟਰੀਆ 2024 ਜਦਕਿ ਮਿਸੇਜ ਬੰਦਨਾ ਸ਼ਰਮਾ ਨੂੰ ਮਿਸੇਜ ਪੰਜਾਬਣ ਅਸਟਰੀਆ ਚੁਣਿਆ ਗਿਆ। ਇਹ ਦੋਵੇਂ ਅਪਰੈਲ 2024 ਵਿੱਚ ਇਟਲੀ ਦੇ ਕਿੰਗ ਪੈਲੇਸ ਕਰੇਮੋਨਾ ਵਿਖੇ ਕਰਵਾਏ ਜਾ ਰਹੇ ਗਰੈਂਡ ਫਾਈਨਲ ਮੁਕਾਬਲੇ ਵਿੱਚ ਅਸਟਰੀਆ ਵਲੋਂ ਭਾਗ ਲੈਣਗੀਆਂ। ਇਸ ਮੁਕਾਬਲੇ ਦੌਰਾਨ ਸਰਬਜੀਤ ਸਿੰਘ ਢੱਕ ਵਲੋਂ ਮੰਚ ਸੰਚਾਲਨ ਕੀਤਾ ਗਿਆ ਜਦਕਿ ਉੱਘੀ ਗਾਇਕਾ ਮਨਦੀਪ ਮਾਸ਼ੀਵਾੜਾ ਵਲੋਂ ਆਪਣੇ ਹਿੱਟ ਗਾਣਿਆਂ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ ਗਿਆ। ਸੰਸਥਾ ਦੀ ਪ੍ਰਧਾਨ ਸਿਮਰਨ ਗਰੇਵਾਲ ਅਤੇ ਇਕਬਾਲ ਖੇਲਾ ਵਲੋਂ ਮੁਕਾਬਲੇ ਲਈ ਸ਼ਿਰਕਤ ਕਰਨ ਵਾਲੀਆਂ ਸਮੂਹ ਪੰਜਾਬਣਾਂ ਅਤੇ ਅਸਟਰੀਆ ਦੇ ਪੰਜਾਬੀ ਭਾਈਚਾਰੇ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਅੱਤਵਾਦ ਤੋਂ ਘਾਟੀ ਦੀ ਆਜ਼ਾਦੀ ਦੀ ਕਹਾਣੀ ਹੈ 'ਆਰਟੀਕਲ 370'


ਧਰਤੀ 'ਤੇ ਸਵਰਗ ਕਹੇ ਜਾਣ ਵਾਲੇ ਕਸ਼ਮੀਰ ਤੋਂ ਧਾਰਾ 370 ਹਟਾਉਣ ਦੀ ਕਹਾਣੀ ਨੂੰ ਫਿਲਮ ਆਰਟੀਕਲ 370 'ਚ ਦਿਖਾਇਆ ਜਾਵੇਗਾ। ਨਿਰਦੇਸ਼ਕ ਆਦਿਤਿਆ ਸੁਹਾਸ ਜੰਭਲੇ ਦੀ ਇਸ ਫਿਲਮ 'ਚ ਯਾਮੀ ਗੌਤਮ ਮੁੱਖ ਭੂਮਿਕਾ 'ਚ ਹੈ। ਯਾਮੀ ਦੀ ਇਸ ਆਉਣ ਵਾਲੀ ਫਿਲਮ ਦਾ ਨਾਂ ਲੰਬੇ ਸਮੇਂ ਤੋਂ ਲਗਾਤਾਰ ਸੁਰਖੀਆਂ 'ਚ ਹੈ। ਇਸ ਦੌਰਾਨ ਧਾਰਾ 370 ਦਾ ਤਾਜ਼ਾ ਟ੍ਰੇਲਰ ਰਿਲੀਜ਼ ਹੋ ਗਿਆ ਹੈ, ਜਿਸ 'ਚ ਵਾਦੀ ਨੂੰ ਅੱਤਵਾਦ ਤੋਂ ਆਜ਼ਾਦੀ ਅਤੇ ਧਾਰਾ 370 ਤੋਂ ਯਾਮੀ ਗੌਤਮ ਦੀ ਸ਼ਾਨਦਾਰ ਕਾਰਵਾਈ ਦੀ ਝਲਕ ਦੇਖਣ ਨੂੰ ਮਿਲ ਰਹੀ ਹੈ। ਬੁੱਧਵਾਰ ਨੂੰ ਨਿਰਮਾਤਾਵਾਂ ਨੇ ਇਹ ਜਾਣਕਾਰੀ ਦਿੱਤੀ ਕਿ ਯਾਮੀ ਗੌਤਮ ਸਟਾਰਰ ਫਿਲਮ ਆਰਟੀਕਲ 370 ਦਾ ਟ੍ਰੇਲਰ 8 ਫਰਵਰੀ ਯਾਨੀ ਅੱਜ ਰਿਲੀਜ਼ ਕੀਤਾ ਜਾਵੇਗਾ। ਇਸ ਦੇ ਆਧਾਰ 'ਤੇ ਇਸ ਫਿਲਮ ਦਾ ਟ੍ਰੇਲਰ ਤੈਅ ਸਮੇਂ ਮੁਤਾਬਕ ਲਾਂਚ ਕੀਤਾ ਗਿਆ ਹੈ। ਜੀਓ ਸਟੂਡੀਓ ਨੇ ਇਸ ਨੂੰ ਆਪਣੇ ਅਧਿਕਾਰਤ ਯੂਟਿਊਬ ਚੈਨਲ 'ਤੇ ਜਾਰੀ ਕੀਤਾ ਹੈ। ਧਾਰਾ 370 ਦੇ 2 ਮਿੰਟ 43 ਸੈਕਿੰਡ ਦੇ ਇਸ ਟ੍ਰੇਲਰ 'ਚ ਦਿਖਾਇਆ ਗਿਆ ਹੈ ਕਿ






ਜਦੋਂ ਕਸ਼ਮੀਰ 'ਚੋਂ ਧਾਰਾ 370 ਹਟਾਈ ਗਈ ਤਾਂ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਅਤੇ ਉਸ ਤੋਂ ਪਹਿਲਾਂ ਕਿਸ ਤਰ੍ਹਾਂ ਅੱਤਵਾਦ ਕਾਰਨ ਘਾਟੀ 'ਚ ਟਕਰਾਅ ਦੀ ਸਥਿਤੀ ਬਣੀ ਹੋਈ ਸੀ, ਜਿਸ 'ਤੇ ਕਾਬੂ ਪਾਉਣ ਲਈ ਅਧਿਕਾਰੀ ਭਾਰਤੀ ਫੌਜ ਅਤੇ ਖੁਫੀਆ ਏਜੰਸੀਆਂ ਨੇ ਸੰਘਰਸ਼ ਕੀਤਾ। ਯਾਮੀ ਗੌਤਮ ਧਾਰਾ 370 ਵਿੱਚ ਭਾਰਤੀ ਜਾਸੂਸ ਅਧਿਕਾਰੀ ਦੀ ਭੂਮਿਕਾ ਵਿੱਚ ਮੌਜੂਦ ਹੈ। ਕੁੱਲ ਮਿਲਾ ਕੇ ਇੱਕ ਸੱਚੀ ਘਟਨਾ ਤੋਂ ਪ੍ਰੇਰਿਤ ਇਸ ਫਿਲਮ ਦਾ ਇਹ ਟ੍ਰੇਲਰ ਕਾਫੀ ਪ੍ਰਭਾਵਸ਼ਾਲੀ ਹੈ। ਇਸ ਦੇ ਰਿਲੀਜ਼ ਹੋਣ ਦੇ ਨਾਲ ਹੀ ਇਸ ਨੂੰ ਸੋਸ਼ਲ ਮੀਡੀਆ 'ਤੇ ਪ੍ਰਸ਼ੰਸਕਾਂ ਵੱਲੋਂ ਚੰਗਾ ਹੁੰਗਾਰਾ ਮਿਲਣਾ ਸ਼ੁਰੂ ਹੋ ਗਿਆ ਹੈ। ਧਾਰਾ 370 ਵਿੱਚ ਯਾਮੀ ਗੌਤਮ ਤੋਂ ਇਲਾਵਾ ਅਦਾਕਾਰਾ ਪ੍ਰਿਆਮਣੀ ਵੀ ਅਹਿਮ ਭੂਮਿਕਾ ਵਿੱਚ ਹੈ। ਇਸ ਫਿਲਮ ਦੀ ਰਿਲੀਜ਼ ਡੇਟ 'ਤੇ ਨਜ਼ਰ ਮਾਰੀਏ ਤਾਂ ਇਹ 23 ਫਰਵਰੀ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਵੇਗੀ। ਤੁਹਾਨੂੰ ਦੱਸ ਦੇਈਏ ਕਿ ਪਿਛਲੇ ਸਾਲ ਅਕਸ਼ੇ ਕੁਮਾਰ ਦੀ ਫਿਲਮ ਓ ਮਾਈ ਗੌਡ 2 ਤੋਂ ਬਾਅਦ ਯਾਮੀ ਆਰਟੀਕਲ 370 ਰਾਹੀਂ ਵੱਡੇ ਪਰਦੇ 'ਤੇ ਵਾਪਸੀ ਕਰ ਰਹੀ ਹੈ।


# ਇਹ ਫਿਲਮਾਂ ਫਲਾਪ ਹੁੰਦੇ ਹੋਏ ਵੀ ਹਿੱਟ ਹਨ

ਫਿਲਮ 'ਕਾਗਜ਼ ਕੇ ਫੂਲ' ਅਤੇ 'ਮੇਰਾ ਨਾਮ ਜੋਕਰ' ਤੋਂ ਇਹ ਸਿਲਸਿਲਾ ਚਲਿਆ ਆ ਰਿਹਾ ਹੈ, ਜਦ ਫਿਲਮਾਂ ਬਾਕਸ ਆਫਿਸ 'ਤੇ ਫਲਾਪ ਹੋ ਜਾਂਦੀਆਂ ਹਨ, ਪ੍ਰੰਤੂ ਬਾਅਦ ਵਿੱਚ ਉਨ੍ਹਾਂ ਨੂੰ ਪ੍ਰਸ਼ੰਸਾ ਮਿਲਦੀ ਹੈ। 'ਪਿਆਸਾ' ਤੋਂ ਲੈ ਕੇ 'ਜਾਨੇ ਭੀ ਦੋ ਯਾਰੋ' ਤੱਕ ਕਈ ਅਜਿਹੀਆਂ ਫਿਲਮਾਂ ਹਨ। ਪਿਛਲੇ ਪੰਜ ਸਾਲਾਂ ਵਿੱਚ ਵੀ ਅਜਿਹੀਆਂ ਫਿਲਮਾਂ ਆਈਆਂ ਹਨ, ਜੋ ਫਲਾਪ ਰਹੀਆਂ, ਪਰ ਉਨ੍ਹਾਂ ਦੀ ਚਰਚਾ ਬਹੁਤ ਹੁੰਦੀ ਹੈ। ਉਹ ਆਪਣੀਆਂ ਖੂਬੀਆਂ ਲਈ ਮਸ਼ਹੂਰ ਹਨ। 2011 ਵਿੱਚ ਆਈ ਪ੍ਰਿਅੰਕਾ ਚੋਪੜਾ ਦੀ ਫਿਲਮ 'ਸਾਤ ਖੂਨ ਮਾਫ' 22 ਕਰੋੜ ਦੀ ਲਾਗਤ ਨਾਲ ਬਣੀ ਸੀ, ਪ੍ਰੰਤੂ ਇਸ ਨੇ ਮਸਾਂ 19 ਕਰੋੜ ਦਾ ਕਾਰੋਬਾਰ ਕੀਤਾ ਸੀ। ਫਿਲਮ ਰਿਲੀਜ਼ ਹੋਣ ਦੇ ਬਾਅਦ ਨਹੀਂ ਚੱਲੀ, ਪਰ ਬਾਅਦ ਵਿੱਚ ਪ੍ਰਿਅੰਕਾ ਦੀ ਅਦਾਕਾਰੀ ਦੀ ਕਾਫੀ ਤਾਰੀਫ ਹੋਈ। ਸਭ ਤੋਂ ਵੱਧ ਇਰਫਾਨ ਵੱਲੋਂ ਪ੍ਰਿਅੰਕਾ ਨੂੰ ਮਾਰਨ ਵਾਲਾ ਸੀਨ ਪਸੰਦ ਕੀਤਾ ਗਿਆ। ਇਸ ਸੀਰੀਜ਼ ਦੀਆਂ ਬਾਅਦ ਦੀਆਂ ਫਿਲਮਾਂ ਭਾਵੇਂ ਹਿੱਟ ਰਹੀਆਂ ਹੋਣ, ਪਰ 2012 ਵਿੱਚ ਆਈ ਫਿਲਮ 'ਹੇਟ ਸਟੋਰੀ' ਫਲਾਪ ਰਹੀ ਸੀ। 16 ਕਰੋੜ ਦੀ ਲਾਗਤ ਨਾਲ ਬਣੀ ਇਸ ਫਿਲਮ ਨੇ ਬਾਕਸ ਆਫਿਸ 'ਤੇ ਮਸਾਂ 14 ਕਰੋੜ ਦਾ ਕਾਰੋਬਾਰ ਕੀਤਾ ਸੀ। ਇਸ ਦੇ ਬਾਵਜੂਦ ਨਿਰਮਾਤਾਵਾਂ ਨੇ ਇਸ ਦੇ ਸੀਕਵਲ ਬਣਾਏ ਅਤੇ ਹਿੱਟ ਰਹੇ। ਇਸ ਸੀਰੀਜ਼ ਦਾ ਆਪਣਾ ਦਰਸ਼ਕ ਵਰਗ ਹੈ। ਸਾਲ 2013 ਵਿੱਚ ਫਿਲਮ 'ਡੀ ਡੇ' ਬਾਕਸ ਆਫਿਸ ਦੇ ਅੰਕੜਿਆਂ ਦੇ ਹਿਸਾਬ ਨਾਲ ਫਲਾਪ ਸਾਬਤ ਹੋਈ, ਪ੍ਰੰਤੂ ਹੁਣ ਇਹ ਨਿਖਿਲ ਅਡਵਾਨੀ ਦੀ ਸਭ ਤੋਂ ਵਧੀਆ ਫਿਲਮ ਵਜੋਂ ਜਾਣੀ ਜਾਂਦੀ ਹੈ। ਤੀਹ ਕਰੋੜ ਵਿੱਚ ਬਣੀ ਇਸ ਫਿਲਮ ਨੇ ਮਸਾਂ ਤੀਹ ਕਰੋੜ ਦਾ ਹੀ ਬਿਜ਼ਨਸ ਕੀਤਾ ਸੀ। ਨਿਰਮਾਤਾ 'ਨੋ ਪ੍ਰਾਫਿਟਸ ਨੋ ਲੌਸ' ਵਿੱਚ ਰਹੇ, ਪ੍ਰੰਤੂ ਡਿਸਟ੍ਰੀਬਿਊਟਰਾਂ ਨੂੰ ਘਾਟਾ ਹੋ ਗਿਆ ਸੀ। ਭਾਰਤ-ਪਾਕਿ ਰਿਸ਼ਤਿਆਂ 'ਤੇ ਬਣੀ ਫਿਲਮ 'ਫਿਲਮਸਿਤਾਨ' (2014) ਕਾਮੇਡੀ ਸਟਾਇਰ ਸਮੀਖਿਅਕਾਂ ਵਿਚ ਕਾਫੀ ਪਸੰਦ ਕੀਤੀ ਗਈ। ਫਿਲਮ ਨੇ ਚੰਗਾ ਸੰਦੇਸ਼ ਦਿੱਤਾ, ਇਸ ਦੇ ਬਾਵਜੂਦ ਇਹ ਬਾਕਸ ਆਫਿਸ 'ਤੇ ਫਲਾਪ ਹੋ ਗਈ। ਫਿਲਮ ਨੇ ਸਿਰਫ 6.14 ਕਰੋੜ ਦਾ ਕਾਰੋਬਾਰ ਕੀਤਾ ਸੀ। ਬਾਅਦ 'ਚ ਇਸ ਫਿਲਮ ਨੂੰ ਬੈਸਟ ਹਿੰਦੀ ਫੀਚਰ ਫਿਲਮ ਦਾ ਨੈਸ਼ਨਲ ਐਵਾਰਡ ਮਿਲਿਆ।










# ਵਰੁਣ ਧਵਨ ਦੀ 'ਬੇਬੀ ਜੌਹਨ' ਦਾ ਪਹਿਲਾ ਪੋਸਟਰ ਜਾਰੀ




ਮੁੰਬਈ: ਬੌਲੀਵੁੱਡ ਅਦਾਕਾਰ ਵਰੁਣ ਧਵਨ ਨੇ ਅੱਜ ਆਪਣੀ ਆਉਣ ਵਾਲੀ ਫਿਲਮ 'ਬੇਬੀ ਜੌਹਨ' ਦਾ ਪਹਿਲਾ ਪੋਸਟਰ ਜਾਰੀ ਕੀਤਾ ਹੈ। ਇੰਸਟਾਗ੍ਰਾਮ 'ਤੇ ਪੋਸਟਰ ਸਾਂਝੀ ਕਰਦਿਆਂ ਵਰੁਣ ਨੇ ਆਖਿਆ,''ਜ਼ਰਾ ਸੰਭਲ ਕੇ,ਕਿਉਂਕਿ ਇਹ ਜੰਗਲ ਦਾ ਸਫ਼ਰ ਹੈ। ਤੁਹਾਡੇ ਨਜ਼ਦੀਕੀ ਸਿਨੇਮਾਘਰਾਂ ਵਿੱਚ 'ਬੇਬੀ ਜੌਹਨ' 31 ਮਈ ਨੂੰ ਰਿਲੀਜ਼ ਹੋਣ ਜਾ ਰਹੀ ਹੈ।" ਪੋਸਟਰ ਵਿੱਚ ਵਰੁਣ ਨੇ ਕਾਲੇ ਕੱਪੜੇ ਪਹਿਨੇ ਹੋਏ ਹਨ। ਉਸ ਦੇ ਵਾਲ ਲੰਮੇ ਹਨ ਅਤੇ ਹੱਥ ਵਿੱਚ ਚਾਕੂ ਫੜਿਆ ਹੋਇਆ ਹੈ। ਫਿਲਮ 'ਬੇਬੀ ਜੌਹਨ' ਏ ਕਾਲੀਸਵਰਨ ਦੇ ਨਿਰਦੇਸ਼ਨ ਹੇਠ ਬਣੀ ਹੈ। ਐਟਲੀ ਨੇ ਇਸ ਫਿਲਮ ਦਾ ਜੀਓ ਸਟੂਡੀਓ ਅਤੇ ਸਿਨੇ 1 ਸਟੂਡੀਓ ਨਾਲ ਮਿਲ ਕੇ ਨਿਰਮਾਣ ਕੀਤਾ ਹੈ। 'ਭੇੜੀਆ' ਦੇ ਅਦਾਕਾਰ ਵੱਲੋਂ ਸਾਂਝੇ ਕੀਤੇ ਪੋਸਟਰ ਨੂੰ ਉਸ ਦੇ ਦੋਸਤਾਂ ਤੇ ਪ੍ਰਸ਼ੰਸਕਾਂ ਵੱਲੋਂ ਖੂਬ ਪਿਆਰ ਮਿਲ ਰਿਹਾ ਹੈ। ਉਸ ਦੀ ਪੋਸਟ ਹੇਠਾਂ ਪ੍ਰਸ਼ੰਸਕਾਂ ਵੱਲੋਂ ਦਿਲ ਵਾਲੇ ਇਮੋਜੀ ਭੇਜੇ ਜਾ ਰਹੇ ਹਨ। ਫਿਲਮ ਵਿੱਚ ਕੀਰਤੀ ਸੁਰੇਸ਼, ਵਾਮਿਕਾ ਗੱਬੀ, ਜੈਕੀ ਸ਼ਰਾਫ ਅਤੇ ਰਾਜਪਾਲ ਯਾਦਵ ਵੀ ਅਹਿਮ ਭੂਮਿਕਾ ਵਿੱਚ ਨਜ਼ਰ ਆਉਣਗੇ। ਇਹ ਫ਼ਿਲਮ 31 ਮਈ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਇਸ ਤੋਂ ਇਲਾਵਾ ਵਰੁਣ ਹੌਲੀਵੁੱਡ ਸੀਰੀਜ਼ 'ਸਿਟਾਡੇਲ' ਦੇ ਭਾਰਤੀ ਰੂਪਾਂਤਰਨ ਵਿੱਚ ਅਦਾਕਾਰਾ ਸਾਮੰਥਾ ਰੂਥ ਪ੍ਰਭੂ ਨਾਲ ਨਜ਼ਰ ਆਵੇਗਾ।


**Buying Your Home?**

**Need a Quick Approval for Pre-Sale of Condo?**

Ranked One of The "TOP MORTGAGE BROKERS" in Canada

2022 TOP 75 BROKERS CMP

plus BONUS* FREE LEGAL FEE & APPRAISAL



Our Symbol of Care & Service

**Superior Mortgage**
Unit 244-8138-128 Street, Surrey
604 507 1000




# ਈਸ਼ਾ ਦਿਓਲ ਤੇ ਭਰਤ ਤਖਤਾਨੀ ਵੱਲੋਂ ਵੱਖ ਹੋਣ ਦਾ ਫ਼ੈਸਲਾ

ਮੁੰਬਈ-ਅਦਾਕਾਰਾ ਈਸ਼ਾ ਦਿਓਲ ਤੇ ਉਸ ਦੇ ਪਤੀ ਭਰਤ ਤਖਤਾਨੀ ਨੇ ਵਿਆਹ ਤੋਂ 11 ਵਰ੍ਹਿਆਂ ਮਗਰੋਂ ਵੱਖ ਹੋਣ ਦਾ ਫ਼ੈਸਲਾ ਕੀਤਾ ਹੈ। ਦੋਵਾਂ ਵੱਲੋਂ ਜਾਰੀ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ, "ਅਸੀਂ ਦੋਵਾਂ ਨੇ ਆਪਸੀ ਸਹਿਮਤੀ ਨਾਲ ਵੱਖ-ਵੱਖ ਹੋਣ ਦਾ ਫ਼ੈਸਲਾ ਕੀਤਾ ਹੈ। ਸਾਡੀ ਜ਼ਿੰਦਗੀ 'ਚ ਇਸ ਤਬਦੀਲੀ ਰਾਹੀਂ ਸਾਡੇ ਦੋ ਬੱਚਿਆਂ ਦੀ ਬਿਹਤਰੀ ਅਤੇ ਭਲਾਈ ਸਾਡੇ ਲਈ ਬਹੁਤ ਅਹਿਮ ਹੈ ਅਤੇ ਅੱਗੇ ਵੀ ਰਹਿਣਗੇ। ਅਸੀਂ ਇਸ ਗੱਲ ਦੀ ਸ਼ਲਾਘਾ ਕਰਦੇ ਹਾਂ ਕਿ ਹਰ ਥਾਂ ਸਾਡੀ ਨਿੱਜਤਾ ਦਾ ਸਨਮਾਨ ਕੀਤਾ ਜਾਂਦਾ ਹੈ। ਧੰਨਵਾਦ... ਈਸ਼ਾ ਦਿਓਲ ਤੇ ਭਰਤ ਤਖਤਾਨੀ।" ਹਾਲਾਂਕਿ ਉਨ੍ਹਾਂ ਦੋਵਾਂ ਦੇ ਵੱਖ ਹੋਣ ਦੇ ਕਾਰਨ ਦਾ ਹਾਲੇ ਪਤਾ ਨਹੀਂ ਲੱਗ ਸਕਿਆ। ਦੱਸਣਯੋਗ ਹੈ ਕਿ ਈਸ਼ਾ ਦਿਓਲ ਤੇ ਭਰਤ ਤਖਤਾਨੀ ਦਾ ਵਿਆਹ 29 ਜੂਨ 2012 ਨੂੰ ਮੁੰਬਈ ਦੇ ਇਸਕੌਨ ਮੰਦਰ ਵਿੱਚ ਹੋਇਆ ਸੀ।

# ਸੁਫ਼ਨੇ ਸਾਕਾਰ ਹੁੰਦੇ ਨੇ -ਸ਼ੰਕਰ ਮਹਾਦੇਵਨ



ਮੁੰਬਈ-ਸੰਗੀਤਕਾਰ ਅਤੇ ਗਾਇਕ ਸ਼ੰਕਰ ਮਹਾਦੇਵਨ ਨੇ ਆਪਣੇ ਅਤੇ ਜ਼ਾਕਿਰ ਹੁਸੈਨ ਦੇ ਬੈਂਡ 'ਸ਼ਕਤੀ' ਦੇ। ਗਰੈਮੀ-2024 ਵਿੱਚ ਸਰਵੋਤਮ ਆਲਮੀ ਸੰਗੀਤ ਐਲਬਮ ਐਵਾਰਡ ਜਿੱਤਣ 'ਤੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਉਹ ਪਲ ਹਨ, ਜਿਸ ਨੂੰ ਉਹ ਕਹਿ ਸਕਦੇ ਹਨ ਕਿ ਸੁਫ਼ਨੇ ਸਾਕਾਰ ਹੁੰਦੇ ਹਨ। ਮਹਾਦੇਵਨ ਨੇ ਇੰਸਟਾਗ੍ਰਾਮ 'ਤੇ ਗਰੈਮੀ-2024 ਦੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਲਿਖਿਆ,"ਮੈਂ ਕਲਪਨਾ ਵੀ ਨਹੀਂ ਕਰ ਸਕਦਾ ਕਿ ਇੱਕ ਬੈਂਡ ਜਿੱਥੋਂ ਮੈਂ ਸੰਗੀਤ ਸਿੱਖਣਾ ਸ਼ੁਰੂ ਕੀਤਾ, ਉਹ ਅਖੀਰ ਵਿੱਚ ਗਰੈਮੀ ਜਿੱਤੇਗਾ। ਇੱਕ ਤਸਵੀਰ ਵਿੱਚ ਉਹ ਸੁਨਹਿਰੇ ਗਰਾਮੋਫੋਨ ਨਾਲ ਖੜ੍ਹੇ ਦਿਖਾਈ ਦੇ ਰਹੇ ਹਨ ਜਿਸ ਨਾਲ ਉਨ੍ਹਾਂ ਲਿਖਿਆ,"ਅਸੀਂ ਕਰ ਦਿਖਾਇਆ। ਮੈਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਇੱਕ ਬੈਂਡ, ਜਿਥੋਂ ਮੈਂ ਆਪਣਾ ਸੰਗੀਤ ਦਾ ਕਰੀਅਰ ਸ਼ੁਰੂ ਕੀਤਾ, ਉਸ ਨਾਲ ਮੈਂ ਪੇਸ਼ਕਾਰੀ ਦੇਵਾਂਗਾ ਤੇ ਗਰੈਮੀ ਪੁਰਸਕਾਰ ਜਿੱਤਾਂਗਾ। ਇਹ ਉਹ ਪਲ ਹਨ, ਜਦੋਂ ਮੈਂ ਆਸਾਨੀ ਨਾਲ ਕਹਿ ਸਕਦਾਂ ਹਾਂ ਕਿ ਸੁਫ਼ਨੇ ਸਾਕਾਰ ਹੁੰਦੇ ਹਨ। 'ਸ਼ਕਤੀ' ਇੱਕ ਸੁਫ਼ਨਾ ਸੀ, ਜੋ ਸੱਚ ਹੋਇਆ। ਅਜਿਹਾ ਕਰਨ ਲਈ ਸਰਬਸ਼ਕਤੀਮਾਨ ਦਾ ਧੰਨਵਾਦ। ਸੱਚਮੁਚ 'ਇਹ ਪਲ' ਹਨ !"


**ਸ਼ੋਰ ਸਾਈਡ ਫਿਸ਼ ਕੈਨਰੀ**



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

# Explore Your Options

ਪੰਜਾਬੀ
हिंदी

**Number 1** in the Community **for 25 years.**

# Stop Paying Too Much!

Get **10 Quotes** instead of 1

Compare from the top Canadian Insurers



intact INSURANCE | Wawanesa Insurance | family INSURANCE | GORE MUTUAL › GO FORWARD | TRAVELERS

PEACE HILLS INSURANCE | MAX INSURANCE | AVIVA | MUTUAL FIRE INSURANCE | OPTIMUM.

HOME | AUTO | ICBC | CONDO | BUSINESS | TRUCKING | TENANTS | TRAVEL MEDICAL | MOTORBIKE | BOAT

CALL NOW

**604 502 0441**

**ICBC** ONLINE AND DELIVERY AVAILABLE.

**$50 VISA Gift Card for all quotes.**

($25 for Condo) No Obligations to purchase, let's try to save you money. *Limited time offer.*

**SURREY**
**(604) 502 0441**
FAX (604) 502 0417

5-8430 128TH ST.
SURREY, BC
V3W 4G3

**NORTH VANCOUVER**
**(604) 635 2048**
FAX (604) 635 2049

110-845 MARINE DR.
NORTH VANCOUVER, BC
V7P 0A8

**VANCOUVER**
**(604) 325 1241**
FAX (604) 325 1414

4038 KNIGHT ST.
VANCOUVER, BC
V5N 5Y7

**OAKWEST**
**(604) 266 5533**
FAX (604) 266 2379

6260 EAST BLVD.
VANCOUVER, BC
V6M 3VJ

**OPEN 7 DAYS**

ICBC Autoplan

www.goldkeyinsurance.ca

GK


fruiticana hee jaana!
Your one and only Punjabi
neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
UNBEATABLE EXTRA SUPER SPECIAL
Yellow Onions 50 lbs USA #1
ਪੀਲੇ ਗੰਢੇ ਯੂ.ਐਸ. #੧
YELLOW ONIONS
$19.98 bag
EXTRA SUPER SUPER SPECIAL
Jumbo Size Cauliflower
ਵੱਡਾ ਗੋਬੀ ਦਾ ਫੁੱਲ
$2.99 ea.
Roasted Peanuts in Shell
ਭੁੱਜੀ ਮੂੰਗਫਲੀ
$1.88 lb
SUPER SPECIAL
Roma Tomatoes
ਰੋਮਾ ਟਮਾਟਰ
99¢ lb
SUPER SPECIAL
Fresh Ginger
ਤਾਜ਼ਾ ਅਦਰਕ
$1.98 lb
SUPER SPECIAL
Red Potatoes 10 lbs
ਲਾਲ ਆਲੂ 10 lbs
$2.99 bag
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Rapini (Sarson da Saag)
ਸਰਸੋਂ ਦਾ ਸਾਗ
$2.49 bunch
SUPER SPECIAL
Fresh Garlic
ਤਾਜਾ ਲਸਣ
99¢ lb
SUPER SPECIAL
Cilantro
ਧਣੀਆ
2 bunches for 99¢
SUPER SPECIAL
Fine Cane Sugar (Indican) 4 lbs
ਗੰਨੇ ਦੀ ਖੰਡ 4lbs
$4.99 bag
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Long English Cucumber
ਲੰਬੇ ਇੰਗਲਿਸ਼ ਖੀਰੇ
99¢ ea.
Punjabi Shakkar (Indican) 2 lbs
ਪੰਜਾਬੀ ਸ਼ੱਕਰ ਇੰਡੀਕੈਂਨ 2lbs ਜਾਰ
$3.99 jar
Seviyan Egg-Free 300 g
ਸੇਵੀਆਂ ਐਗਫ੍ਰੀ 300 ਗ੍ਰਾਮ
2 Packs for $2.99
Pink Lady Apples
ਗੁਲਾਬੀ ਲੇਡੀ ਸੇਬ
99¢ lb
Swarna Chakki Atta 20 lbs
ਸਵਰਨਾ ਚੱਕੀ ਅੱਟਾ
$14.99 bag
Indian Eggplants (Baby Eggplants)
ਦੇਸੀ ਬਤਾਊਂ
$1.99 lb
Gala Apples US #1
ਗਾਲਾ ਸੇਬ ਯੂ.ਐਸ. #੧
$1.29 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb
Mazola Corn Oil 2.84 L
ਮਜ਼ੋਲਾ ਮੱਕੀ ਦਾ ਤੇਲ 2.84 ਲੀਟਰ
$12.99 ea.
Red Lentil Whole
ਮਸਰਾ ਦੀ ਸਾਬਤ ਦਾਲ
88¢ lb
Spinach
ਪਾਲਕ
$1.69 bunch
Green Cabbage
ਹਰੀ ਬੰਦ ਗੋਭੀ
69¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
Opo Squash (Long)
ਓਪੋ ਕੱਦੂ
99¢ lb
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
(ਇੰਡੀਕੈਂਨ)
$3.98 bag
Product images may differ from the actual product.
Fri Feb 09, 2024 - Wed Feb 14, 2024
We reserve the right to limit the quantities while they last
Specials valid for Lower Mainland only
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ------------ 12990 72nd Ave. -------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520